ਉਦਾਸੀਨ ਸੰਪ੍ਰਦਾਇ 108

ਧੰਨ ਧੰਨ ਬਾਬਾ ਸ਼੍ਰੀਚੰਦ੍ਰ ਮਹਾਰਾਜ ਜੀ ਦੀ ਬਾਣੀ



ਪ੍ਰਕਾਸ਼ਨ :–

ਸੰਤ ਬਾਬਾ ਸੁਖਬੀਰ ਦਾਸ ਜੀ

ਡੇਰਾ ਦੁੱਖ ਭੰਜਨ ਸਾਹਿਬ ਪਿੰਡ ਰੋਮਾਣਾ ,

ਅਲਬੇਲ ਸਿੰਘ , ਕੋਟਕਪੂਰਾ



ਸੰਤ ਬਾਬਾ ਸੁਖਬੀਰ ਦਾਸ ਜੀ

ਸੋਹੰ

ਬ੍ਰਹਮਲੀਨ

ਸ਼੍ਰੀ 108 ਬ੍ਰਹਮਲੀਨ

ਬਾਬਾ ਮਲਕੀਤ ਦਾਸ ਜੀ

ਵਰਤਮਾਨ

ਗੁਰੂ

ਸ਼੍ਰੀ 108 ਰਿਸ਼ੀ

ਕ੍ਰਿਸ਼ਨਾ ਨੰਦ ਸ਼ਾਸ਼ਤਰੀ ਜੀ

ਗੱਦੀ ਨਸ਼ੀਨ

ਸੰਤ ਬਾਬਾ ਸੁਖਬੀਰ ਦਾਸ ਜੀ

ਸੰਤ ਬਾਬਾ ਜਸਵਿੰਦਰ ਦਾਸ ਜੀ

ਗੁਰੂ ਸ੍ਰੀ ਸ੍ਰੀ ਚੰਦ੍ਰ ਮਹਾ ਭਾਗ ॥
ਸਰਬ ਮੰਗਲ ਕਾਕਰਾ ਆਸਨ

ਓਮ ਕਹਿਕੇ ਬੈਠ ਆਸਨ, ਜਨਮ ਜਨਮ ਕੇ ਪਾਪ ਬਿਨਾਸਨ ਆਸਨ ਬਹਿਕੇ ਧਿਆਨ ਲਗਾਓ, ਮਨ ਇਛੇ ਸਾਰੇ ਫਲ ਪਾਯੋ ਇਕ ਮਨ ਹੋ ਕੇ ਪੜੇ ਮਾਤ੍ਰਾ, ਸਾਰੀ ਹੋਵੇ ਸਫਲ ਯਾਤਰਾ ਮਾਤ ਸੁਲੱਖਣ ਕੇ ਜੋ ਨੰਦ, ਹਿਰਦੇ ਮੇਂ ਧਾਰੇ ਸ੍ਰੀ ਚੰਦ ਸ੍ਰੀ ਚੰਦ੍ਰ ਦਾ ਧਰੇ ਧਿਆਨ, ਉਸਨੂੰ ਹੋਵੇ ਤੁਰੰਤ ਗਿਯਾਨ ਰਿੱਧੀ ਸਿੱਧੀ ਹੋਏ ਪ੍ਰਾਪਤ, ਤਨ ਤੇ ਸਾਰੇ ਰੋਗ ਨਸਾਵਰ ਆਪਣਾ ਕਰਕੇ ਮਨ ਇਕਾਂਗਰ, ਮਾਤ੍ਰਾ ਪੜ੍ਹ ਤਰੇ ਭਵਸਾਗਰ ਪਾਠ ਕਰੇਗਾ ਜੋ ਨਿਸ਼ਕਾਮ, ਉਸਦੇ ਹੋਣ ਸੰਪੂਰਣ ਕਾਮ ਭਗਤ ਪ੍ਰੇਮ ਸੇ ਪੜ੍ਹੇ ਪੜ੍ਹਾਵੈ, ਨਿਸਚੇ ਕਰ ਅਮਰਪਦ ਪਾਵੈ ।।

- ਸੰਤ ਬਾਬਾ ਸੁਖਬੀਰ ਸਿੰਘ ਜੀ

ਸੋਰਠਿ ਮਹਲਾ 5 ॥

ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥1॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸੁਰ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥2॥13॥77॥

ਭਗਵਾਨ
ਸ਼੍ਰੀਚੰਦ੍ਰ ਮਹਾਰਾਜ ਜੀ
ਦੀ ਅਮਰ ਬਾਣੀ

(ਇਹ ਬਾਣੀ ਸ੍ਰੀਚਦ੍ਰ ਸਿਧਾਂਤ ਸਾਗਰ ਵਿਚੋਂ ਲਈ ਗਈ ਹੈ |)

ਓਮ ਪਾਰਬ੍ਰਹਮਣੇ ਨਮ:
ਅਥ ਮਾਤਰਾ ਸ਼ਾਸਤਰ
ਕਹੁ ਰੇ ਬਾਲ !

ਕਿਸ ਨੇ ਮੂੰਡਾ ਕਿਸਨੇ ਮੁੰਡਾਇਆ ,
ਕਿਸ ਕਾ ਬੇਜਾ ਨਗਰੀ ਆਇਆ ।
ਸਤਿਗੁਰੂ ਮੂੰਡਾ ਲੇਖ ਮੁੰਡਾਇਆ ,
ਗੁਰੂ ਕਾ ਭੇਜਾ ਨਗਰੀ ਆਇਆ ।
ਚੇਤਹੁ ਨਗਰੀ ਤਾਰਹੁ ਗਰਾਮ ,
ਅਲਖ ਪੁਰੁਸ਼ ਕਾ ਸਿਮਰਹੁ ਨਾਮ ।
ਗੁਰੁ ਅਵਿਨਾਸ਼ੀ ਖੇਲ ਰਚਾਇਆ ,
ਅਗਰ ਨਿਗਮ ਕਾ ਪੰਥ ਬਤਾਇਆ ।
ਗਿਆਨ ਕੀ ਗੋਦੜੀ ਖਿਮਾ ਕੀ ਟੋਪੀ ,
ਜਤ ਕਾ ਆੜਬੰਦ ਸ਼ੀਲ ਲੰਗੋਟੀ ।
ਅਕਾਲ ਖਿੰਥਾ ਨਿਰਾਸ਼ ਝੋਲੀ ,
ਯੁਕਤਿ ਕਾ ਟੋਪ ਗੁਰਮੁਖੀ ਬੋਲੀ ।
ਧਰਮ ਕਾ ਚੋਲਾ ਸੱਤ ਕੀ ਸੇਲੀ ,
ਮਰਯਾਦ ਮੇਥਲੀ ਲੈ ਗਲੇ ਮੇਂ ਮੇਲੀ ।

ਧਿਆਨ ਕਾ ਬਟੂਆ ਨਿਰਤ ਕਾ ਸੂਈਦਾਨ ,
ਬ੍ਰਹਮ ਅੰਚਲਾ ਲੈ ਪਹਿਰੇ ਸੁਜਾਨ ।
ਬਹੁਰੰਗੀ ਮੋਰਛੜ ਨਿਰਲੇਪ ਵਿਸ਼ਟੀ ,
ਨਿਰਭਓ ਜੰਗਡੋਰਾ ਨਾ ਕੋ ਦ੍ਰਿਸ਼ਟੀ ।
ਜਾਪ ਜੰਗੋਟਾ ਸਿਫਤ ਓੜਾਨੀ ,
ਸਿੰਗੀ ਸ਼ਬਦ ਅਨਾਹਦ ਗੁਰੂਬਾਣੀ ।
ਸ਼ਰਮ ਕੀ ਮੁਦਰਾ ਸ਼ਿਵ ਵਿਭੂਤਾ ,
ਹਰਿ ਭਗਤਿ ਮਿਰਗਾਨੀ ਲੈ ਪਹਿਰੇ ਗੁਰੂ ਪੂਤਾ ।
ਸੰਤੋਸ਼ ਸੂਤ ਵਿਵੇਕ ਧਾਗੇ ,
ਅਨੇਕ ਟੱਲੀ ਤਹਾਂ ਲਾਗੇ ।
ਸੂਰਤ ਕੀ ਸੂਈ ਲੈ ਸਤਿਗੁਰੂ ਸੀਵੇ ,
ਜੋ ਰਾਖੇ ਸੋ ਨਿਰਭਉ ਥੀਵੇ ।
ਸਿਆਹ ਸਫੇਦ ਜ਼ਰਦ ਸੁਰਖਾਈ ,
ਜੋ ਲੈ ਪਹਿਰੈ ਸੋ ਗੁਰੂ ਭਾਈ ।
ਤ੍ਰੈਗੁਣ ਚਕਮਕ ਅਗਨਿ ਮਥਿ ਪਾਈ ,
ਦੁਖ ਸੁਖ ਧੂਨੀ ਦੇਹਿ ਜਲਾਈ ।
ਸੰਯਮ ਕਪਾਲੀ ਸ਼ੋਭਾ ਧਾਰੀ ॥
ਚਰਣ ਕਮਲ ਮੇਂ ਸੁਰਤਿ ਹਮਾਰੀ ।
ਭਾਵ ਭੋਜਨ ਅੰਮ੍ਰਿਤ ਕਰ ਪਾਇਆ ,
ਭਲਾ ਬੁਰਾ ਮਨ ਨਹੀਂ ਬਸਾਇਆ ।
ਪਾਤਰ ਵਿਚਾਰ ਫਰੂਆ ਬਹੁਗੁਣਾ ,
ਕਰਮੰਡਲ ਤੂੰਬਾ ਕਿਸ਼ਤੀ ਘਣਾ ।
ਅੰਮ੍ਰਿਤ ਪਿਆਲਾ ਊਦਕ ਮਨ ਦਿਆ ,
ਜੋ ਪੀਵੇ ਸੋ ਸ਼ੀਤਲ ਭਿਆ ।
ਇੜਾ ਮੇ ਆਵੇ ਪਿੰਗਲਾ ਮੇਂ ਧਾਵੇ ,
ਸੁਸ਼ੁਮਨ ਕੇ ਘਰ ਸਹਜ ਸਮਾਵੇ ।

ਨਿਰਾਸ਼ ਮਠ ਨਿਰੰਤਰ ਧਿਆਨ ,
ਨਿਰਭਵ ਨਗਰੀ ਗੁਰੂ ਦੀਪਕ ਗਿਆਨ ।
ਸਥਿਰ ਰਿਧਿ ਅਮਰ ਪਦ ਦੰਡਾ ,
ਧੀਰਜ ਫਹੁੜੀ ਤਪਕਰ ਖੰਡਾ ।
ਵਸ਼ਕਰ ਸਮਦ੍ਰਿਸ਼ਟਿ ਚੌਗਾਨ ,
ਹਰਸ਼ ਸ਼ੋਕ ਨਹੀਂ ਮਨ ਮੇਂ ਆਨ ।
ਸਹਜ ਵਿਰਾਗੀ ਕਰੇ ਵਿਰਾਗ ,
ਮਾਇਆ ਮੋਹਿਨੀ ਸਕਲ ਤਿਆਗ ।
ਨਾਮ ਕੀ ਪਾਖਰ ਪਵਨ ਕਾ ਘੋੜਾ ,
ਨਿਸ਼ਕਰਮ ਜੀਨ ਤੱਤ ਕਾ ਜੋੜਾ ।
ਨਿਰਗੁਣ ਢਾਲ ਗੁਰੂ ਸ਼ਬਦ ਕਮਾਨ ,
ਅਕਲ ਸੰਜੋਹ ਪ੍ਰੀਤਿ ਕੇ ਬਾਣ ।
ਅਕਲ ਕੀ ਬਰਛੀ ਗੁਣੋਂ ਕੀ ਕਟਾਰੀ ,
ਮਨ ਕੋ ਮਾਰ ਕਰੋ ਅਸਵਾਰੀ ।
ਵਿਸ਼ਮ ਗੜ ਤੋੜ ਨਿਰਭਉ ਘਰ ਆਇਆ ,
ਨੌਬਤ ਸ਼ੰਖ ਨਗਾਰਾ ਬਾਇਆ ।
ਗੁਰੂ ਅਵਿਨਾਸ਼ੀ ਸੂਕਸ਼ਮ ਵੇਦ ,
ਨਿਰਵਾਣ ਵਿਦਿਆ ਅਪਾਰ ਭੇਦ ।
ਅਖੰਡ ਜਨੇਊ ਨਿਰਮਲ ਧੋਤੀ ,
ਸੋਹੰ ਜਾਪ ਸਚ ਮਾਲ ਪਿਰੋਤੀ ।
ਸਿੱਖਿਆ ਗੁਰੂ ਮੰਤਰ ਗਾਇਤ੍ਰੀ ਹਰਿਨਾਮ ,
ਨਿਸ਼ਚਲ ਆਸਨ ਕਰ ਵਿਸ਼ਰਾਮ ।
ਤਿਲਕ ਸੰਪੂਰਣ ਤਰਪਨ ਯਸ਼ ,
ਪੂਜਾ ਪਰੇਮ ਭੋਗ ਮਹਾਰਸ ।
ਨਿਰਵੈਰ ਸੰਧਿਆ ਦਰਸ਼ਨ ਛਾਪਾ ,
ਵਾਦ ਵਿਵਾਦ ਮਿਟਾਵੇ ਆਪਾ ।
ਪ੍ਰੀਤਿ ਪੀਤਾਂਬਰ ਮਨ ਮਿਰਗਸ਼ਾਲਾ ,

ਚੀਤ ਚਿਤਾਂਬਰ ਰੁਣਝੁਣ ਮਾਲਾ ।
ਬੁਧਿ ਬਿਘੰਬਰ ਕੁਲਹ ਪੋਸਤੀਨ ,
ਖੌਸ ਖੜਾਵਾਂ ਇਹ ਮਤਿ ਲੀਨ ।
ਤੋੜਾ ਚੂੜਾ ਔਰ ਜੰਜੀਰ ,
ਲੈ ਪਹਿਰੈ ਉਧਾਸੀ ਫਕੀਰ ।
ਜਟਾ ਜੂਟ ਮੁਕੁਟ ਸਿਰ ਹੋਈ ,
ਮੁਕਤਾ ਫਿਰੇ ਬੰਧਨ ਨਹਿ ਕੋਈ ।
ਨਾਨਕ ਪੂਤਾ ਸ੍ਰੀ ਚੰਦਰ ਬੋਲੇ ,
ਜੁਗੁਤ ਪਛਾਣੇ ਤੱਤਵ ਬਿਰੋਲੇ ।
ਐਸੀ ਮਾਤਰਾ ਲੈ ਪਹਿਰੈ ਕੋਈ ,
ਆਵਾਗਮਨ ਮਿਟਾਵੇ ਸੋਈ ।

| ਮਾਤਰਾ ਸੰਪੂਰਣ ।

ਓਮ ਪਾਰਬ੍ਰਹਮਣੇ ਨਮ: ॥
ਨਮੋ ਗਣਪਤਿ ਸ਼ਾਰਦਾ
ਸ਼ਿਵ ਹਰਿ ਅਰੁ ਦਿਨੇਸ਼ ।
ਪੂਰਣ ਪਰਿਪੂਰਣ ਪ੍ਰਭ
! ਸ੍ਰੀਚੰਦ ' ਜਪੋ ਹਮੇਸ਼ ॥ ੧ ॥
ਏਕ ਦੇਵ : ਸਰ੍ਹ ਭੂਤੇਸ਼ ,
ਗੂੜਾ ਵੇਦ ਬਤਾਏ ।
ਸਰਵਵਿਆਪੀ ਘਟ ਘਟ ਭੀਤਰ ,
" ਸ੍ਰਈਚੰਦ " ਜਯੋਤਿ ਲੁਕਾਏ ॥ ੨ ॥
ਅਗਮ ਅਗੋਚਰ ਅੰਤਰਯਾਮੀ ,
ਨਿਰਾਕਾਰ ਅਧਾਰਾ ।
ਸਰਵ ਕਾ ਕਰਤਾ , ਧਰਤਾ , ਰਕਸ਼ਕ ,
" ਸ੍ਰੀਚੰਦ " ਗਿਆਨ ਉਜਿਆਰਾ ॥ ੩ ॥
ਅੰਤਰਯਾਮੀ ਸਰਵ ਵਿਧਾਤਾ ,

ਪੂਰਣ ਪੁਰੁਸ਼ ਦਿਆਲ ।
ਸਰਵ ਆਧਾਰਾ , ਸਰਵ ਸਵਰੂਪਾ ,
" ਸ੍ਰੀਚੰਦ " ਬ੍ਰਹਮ ਕ੍ਰਿਪਾਲੂ ॥ ੪ ॥
ਸਨਕਾਦਿਕ ਬ੍ਰਹਮਾਦਿਕ ਦੇਵਾ ,
ਭੇਦ ਨੂੰ ਤਾਕਾ ਜਾਨੇ ।
ਆਦਿ ਪੁਰੁਸ਼ ਪਰਮੇਸ਼ਵਰ ਆਪੇ ,
ਅਪਨਾ ਰੂਪ ਪਹਿਚਾਨੇ ॥ ੫ ॥
ਪਰਮੇਸ਼ਵਰ , ਜਗਦੀਸ਼ਵਰ ਸਵਾਮੀ ,
ਜਾਕੀ ਲੀਲਾ ਹੈ ਨਿਆਰੀ ।
ਵੇਦ ਕਤੇਬ ਰਿਸ਼ੀ ਮੁਨੀਜਾਕਕੋ ,
" ਸ਼ੀਚੰਦ " ਹੈ ਬਲਿਹਾਰੀ ॥ ੬ ॥
ਗਿਆਨਾਗਾਰ , ਅਗਿਆਨ ਵਿਨਾਸ਼ਕ ,
" ਸ਼ਰੀਚੰਦ " ਪ੍ਰਭੁ ਉਰਧਾਰੋ ।
ਅਨੰਤ ਅਨਾਦਿ , ਆਤਮ ਜਯੋਤੀ ,
ਪਰਮ ਤੱਤਵ ਵਿਚਾਰੋ ॥ ੭ ॥
ਘਟ ਘਟ ਅੰਤਰ , ਸਰਵ ਨਿਰੰਤਰ ,
ਜਾਕੀ ਜਯੋਤਿ ਸਮਾਈ ॥
ਨਿਰਾਕਾਰ ਨਿਰਗੁਣ ਪ੍ਰਭੂ ਦਾਤਾ ,
" ਸ੍ਰੀਚੰਦ " ਬਨੇ ਸਹਾਈ ॥ ੮ ॥
ਅਘਨਾਸ਼ਕ , ਸੰਤਾਪ ਵਿਨਾਸ਼ਕ ,
ਏਕ ਦੇਵ ਜਗਦੀਸ਼ਵਰ ।
ਆਦਿ ਅੰਤ ਅਰੁ ਮੱਧ ਨਾ ਜਾਵਾਂ ।
" ਸ਼ੀਚੰਦ " ਬਸਤ ਹੈ ਭੀਤਰ ॥ ੯ ॥
ਰਮ ਰਹੀਮ ਕਰੀਮ ਵਹ ਏਕੋ ,
ਨਿਰਭੈ ਜੋਤਿ ਨਿਆਰੀ ॥
" ਸ੍ਰੀਚੰਦ " ਸੱਚਿਦਾਨੰਦ ਸਵਾਮੀ
ਆਦਿ ਪੁਰੁਸ਼ ਮੁਰਾਰੀ ॥ ੧੦ ॥

ਪਰਮ ਪਿਆਰਾ , ਜਗਤ ਅਧਾਰਾ ,
ਨਿਰਾਲੰਬ ਓਕਾਰਾ ।
ਐਲਖ ਨਿਰੰਜਨ , ਨਿਰਗੁਣ ਸਵਾਮੀ ,
" ਸ੍ਰੀਚੰਦ " ਏਕ ਸਹਾਰਾ ॥ ੧੧ ॥

ਓਮ ਪਾਰਬ੍ਰਹਮਣੇ ਨਮ: ॥
ਸੰਕਰ ਕੀ ਵਾਰ ॥
ਸਲੋਕ : –
ਆਦਿ ਪੁਰੁਖ ਪ੍ਰਭੁ ਸਿਮਰਿਐ ਸੂਖ ਮੰਗਲ ਕਲਿਆਣ ।
ਗੁਰੂ ਪ੍ਰਸਾਦੀ ਪਾਯਾ ਮਿਟੇ ਹੈ ਆਵਣ ਜਾਣ ॥ ੧ ॥
ਨਵਨਿਧਿ ਏਕੋ ਨਾਮ ਗੁਰ ਕ੍ਰਿਪਾ ਤੇ ਪਾਈਐ ।
ਆਨੰਦ ਸੂਖ ਵਿਸ੍ਰਾਮ , ਗਿਆਨ ਭਾਨੁ ਪ੍ਰਕਾਸ਼ ਭੈ ॥ ੨ ॥
ਵਿਘਨ ਹਰਣ ਹਰਿ ਰਾਮ , ਆਤਮਰਸਰੰਗ ਮਗਨ ਮਨ ।
ਸਭ ਵਿਧਿ ਪੂਰਣ ਕਾਮ , ਚਿੰਤਾਹਰਣ ਗੋਪਾਲ ਗੁਰ ॥ ੩ ॥
ਪੌੜੀ :–
ਆਦਿ ਨਿਰੰਜਨ ਸੇਵਿਐ , ਮਨ ਆਵਹਿ ਸ਼ਾਂਤ ।
ਆਦਿ ਨਿਰੰਜਨ ਸੇਵਿਐ , ਵਿਨਸੈ ਭ੍ਰਮ ਭਾਂਤਿ ।
ਆਦਿ ਨਿਰੰਜਨ ਸੇਵਿਐ , ਕਸ ਮਲ ਮਿਟ ਜਾਤ ।
ਆਦਿ ਨਿਰੰਜਨ ਸੇਵਿਐ , ਅਲਖੈ ਲਖਿਆਤ ।
ਆਦਿ ਨਿਰੰਜਨ ਸਵਿਐ , ਨਹਿ ਹਉਮੈ ਜਾਤ ।
ਆਦਿ ਨਿਰੰਜਨ ਸੇਵਿਐ , ਸਤਿ ਅਨੁਭਵ ਪਾਤ ॥ ੧ ॥
ਸ਼ਲੋਕ :–
ਗੁਰੂ ਪੂਰਾ ਜਿਨਿ ਪਾਇਆ , ਸੋਈ ਮੁਕਤ ਭਏ ।
ਅੰਤਰ ਚਾਨਣ ਹੋਇਆ , ਸਹਿਜੇ ਸਹਿਜ ਭਾਏ ॥ ੧ ॥
ਜਾ ਕੇ ਪੂਰਣ ਭਾਗ ਗੁਰੂਅਵਿਨਾਸ਼ੀ ਮਿਲੈ ਤਿਹੰ ।
ਯੋਗਾ ਨਿਧਾਨ ਵਿਰਾਗ ਹਰਿ ਹਰਿ ਭਜਨ ਸਮਾਏ ਰਹਿ ॥ ੨

ਪਾਰਬ੍ਰਹਮ ਗੁਰੂਦੇਵ , ਪ੍ਰਮੇਸ਼ਵਰ ਹਰਿ ਪਾਓ ।
ਚਰਣ ਕਮਲ ਕੀ ਸੇਵੂ ਦੁਰਮਿਤ ਦੁਰਤ ਨਸਾਇਓ ॥ ੩ ॥

ਪੌੜੀ :–

ਗੁਰੂ ਅਵਿਨਾਸ਼ੀ ਕੀ ਸ਼ਰਣਾਈ , ਸੰਮੇ ਭ੍ਰਮ ਮਿਟਾਯਾ ।
ਗੁਰੂ ਅਵਿਨਾਸ਼ੀ ਕੀ ਸ਼ਰਣਾਈ , ਨਾਮ ਪਦਾਰਥ ਪਾਯਾ ।
ਗੁਰੂ ਅਵਿਨਾਸ਼ੀ ਕੀ ਸ਼ਰਣਾਈ ਅਨਹਦ ਨਾਦ ਵਜਾਇਆ ।
ਗੁਰੂ ਅਵਿਨਾਸ਼ੀ ਕੀ ਸ਼ਰਣਾਈ ਜਤ ਸਤ ਸੰਯਮ ਆਇਆ ।
ਗੁਰੂ ਅਵਿਨਾਸ਼ੀ ਕੀ ਸ਼ਰਣਾਈ ਪਾਰਬ੍ਰਹਮ ਦ੍ਰਿਸ਼ਟਾਇਆ ।
ਗੁਰੂ ਅਵਿਨਾਸ਼ੀ ਕੀ ਸ਼ਰਣਾਈ , ਸੁਖਨਿਧਿ ਮਾਹਿ ਸਮਾਇਆ ॥ ੨ ॥

ਸ਼ਲੋਕ :–

ਸਤਿਗੁਰੂ ਹੀ ਸੇ ਪਾਇਆ ਚਾਨਣ ਗਿਆਨ ਚਿਰਾਗ ।
ਮਨ ਨਿਰਮਲ ਪ੍ਰਭੂ ਸਿਮਰੀਯੈ ਅਗਿਆਨ ਨੀਂਦ ਤੇ ਜਾਗ ॥ ੧ ॥
ਕੋਟਿ ਚੰਦ੍ਰਮਾ ਚਾਨਣਾ ਕੋਟਿ ਸੂਰ ਉਜਿਆਰ ।
ਸਤਿਗੁਰੂ ਗਿਆਨ ਨ ਤੁਲ ਹੋਏ ਉਰ ਭ੍ਰਮ ਹਤ ਅਧਿਆਰ ॥ ੨ ॥
ਪੂਰਵ ਕਰਮ ਲਿਲਾਟ , ਪੂਰਾ ਸਤਿਗੁਰੂ ਪਾਈਐ ।
ਵਿਨਸਤ ਭਰਮ ਕਪਾਟ , ਸ ਪਰਮ ਪੁਰੁਖ ਦ੍ਰਿਸ਼ਟਾਈਐ ॥ ੩ ॥

ਪੌੜੀ :–

ਸਤਿਗੁਰੂ ਸਚ ਦ੍ਰਿੜਾਇਆ ਝੂਠਾ ਸਭ ਖੋਈ ।
ਗਿਆਨ ਚਰਾਗਹਿ ਚਾਨਣੈ ਪੇਖੀ ਇਹ ਲੋਈ ।
ਹਉਮੈ ਮਮ ਮਤਿ ਪਰਿਹਰੀ ਨਿਰਮਲ ਉਰ ਹੋਈ ।
ਪਰਮੇਸ਼ਵਰ ਸਭ ਜਾਨਿਆ ਜੋ ਕਛੁ ਦ੍ਰਿਸ਼ਟੋਈ ।
ਸੰਤ ਸੰਗ ਹਰਿ ਜਾਪਿਆ ਮਲ ਅੰਤਰ ਧੋਈ ।
ਗੁਰੁਖ ਜਾਨੈ ਅਪ ਕੌ ਮਨ ਨੀਵਾਂ ਜੋਈ ॥ ੩ ॥

ਸ਼ਲੋਕ :–

ਸੰਤ ਦਾਸੀ ਸਦਾ ਸੁਖ ਆਤਮ ਰਾਮ ਵਿਚਾਰ ।
ਪਰਮ ਪਦਾਰਥ ਨਾਮ ਹਰਿ ਹਿਰਦੇ ਰਖੈ ਸਮਹਾਰ ॥ ੧ ॥

ਭ੍ਰਮ ਭੈ ਮੇਟ ਗਵਾਏ , ਪਾਰਬ੍ਰਹਮ ਲਿਵ ਲਾਏ ਕੈ ।
ਸਭ ਮਹਿ ਏਕ ਸਮਾਏ ਊਣੀ ਥਾਂ ਨ ਜਗਤ ਮਹਿ ॥ ੨ ॥
ਦੁਰਮਤਿ ਦੁਰਤ ਵਿਨਾਸ , ਹਰਿ ਮਿਤ੍ਰਾਈ ਨਹੇ ਘਨ ।
ਸ਼ੀਤਲ ਸ਼ਬਦ ਵਿਗਾਸ , ਅਮ੍ਰਿਤ ਪੀ ਤ੍ਰਿਪਤਾਸਿਆ ॥ ੩ ॥

ਪੌੜੀ :–

ਸੰਤਨ ਕੇ ਪ੍ਰਸਾਦ ਪਾਇਆ ਬਨਵਾਰੀਆ ।
ਹਰਿ ਪ੍ਰਭੁ ਪੇਖ ਹਦੂਰ ਹਉਮੇ ਜਾਰੀਆ ।
ਕਾਮ ਕ੍ਰੋਧ ਕਰਿ ਚੂਰ ਸਤਿ ਸਮਾਰੀਆ ।
ਨਦਰੀ ਨਦਰਿ ਨਿਹਾਲ ਨਾਮ ਖੁਮਾਰੀਆ ।
ਸ਼ਾਂਤ ਸੁਧਾਰਸ ਪਾਓ ਚੰਦਰ ਚੰਦਾਰੀਆ ॥ ੪ ॥

ਸ਼ਲੋਕ :–

ਮਨਮੁਖ ਭਾਗ ਵਿਹੂਣਿਆ ਦੂਜਾ ਭਾਉ ਮਝਾਰ ।
ਸਤ ਸੰਤੋਖ ਵਿਸਾਰਿਆ ਤ੍ਰਿਸ਼ਣਾ ਜਲਨ ਅਪਾਰ ॥ ੧ ॥
ਚੜ੍ਹਿਆ ਰੰਗ ਕੁਸੁੰਭ , ਧੁੱਪ ਵੇਖ ਉਡ ਜਾਏ ।
ਘੜੀਆਂ ਚਾਰ ਚੁਲੰਭ , ਸੰਗਤਿ ਤਿਆਗ ਪਰਾਏ ॥ ੨ ॥
ਲੋਭ ਲਾਗ ਧਨ ਪ੍ਰੀਤਿ ਦੁਖ ਮਹਿ ਸੰਗ ਨ ਹੋਏ ।
ਨਹਿ ਮਿਤ੍ਰਾਈ ਰੀਤਿ , ਮਤਲਬ ਸਾਧਨ ਮਨ ਵਸੇ ॥ ੩ ॥

ਪੌੜੀ :–

ਮਨ ਮੁਖ ਕੂੜ ਕਬਾੜ ਹੈ ਕੂੜੋ ਵਾਪਾਰਾ ।
ਕੂੜੋ ਵਣਜ ਵਣਜਿਆ ਵਿਖ ਲਾਦੀ ਛਾਰਾ ।
ਕੂੜੋ ਕੂੜ ਵਿਹਾਜਦੇ ਕੂੜੇ ਗਾਵਾਰਾ ।
ਸਤਿ ਕੂੜ ਕਾ ਮੇਲ ਨਾਹਿੰ ਨਹਿ ਪਟੇ ਦਰਾਰਾ ।
ਸੱਚ ਜੰਗਲੀ ਛਪ ਰਹਿਆ ਕੂੜੇ ਦਰਬਾਰਾ ।
ਸ੍ਰੀਚੰਦਰ ਸੱਚ ਖ੍ਰੀਦਿਆ ਨਹਿ ਦਰਗਹ ਹਾਰਾ ੫ ॥

ਸ਼ਲੋਕ :–

ਰੰਗ ਮਜੀਠੀ ਗੁਰੂਮੁਖੀ ਸੂਰਜ ਚੜ੍ਹੈ ਉਮੰਗ ।

ਸ਼ਲੋਕ :–

ਮਰਿਆਂ ਬਿਨ ਜੀਵਨ ਨਹੀਂ ਜੀਵਨ ਲੋੜੇ ਮਰ ।
ਜਰਿਆਂ ਬਿਨ ਜਰ ਧਰਮ ਨਹੀਂ ਜਰਿਆਂ ਲੜੇ ਜਰ ॥ ੧ ॥
ਪ੍ਰਿਯ ਪ੍ਰਿਯਾ ਸੰਮੇਲ ਰੰਗ ਪਰਦੇ ਪ੍ਰੀਤਮ ਨਾਹਿ ।
ਰਸ ਮੁਖ ਬਕਨ ਨ ਆਵਈ ਸਹਿਜ ਸਮਾਧਿ ਸਮਾਹਿ ॥ ੨ ॥
ਆਪਾ ਖੋਵੇ ਆਪ ਹੋਏ ਆਪੇ ਮਾਹਿ ਸਮਾਏ ।
ਆਪਾ ਆਪੈ ਕੋ ਕਹੈ ਆਪੈ ਆਪ ਲਖਾਇ ॥ ੩ ॥

ਪੌੜੀ :–

ਨਾਰਾਇਣ ਰੰਗ ਰਤੜੇ ਰੰਗ ਰਲੀਆਂ ਮਾਣੈ ।
ਬੋਲਨ ਬੋਲ ਸੁਹਾਵਣੇ ਹਰਿ ਨਾਮ ਸਮਾਣੇ ।
ਆਪਾਂ ਆਪ ਨਿਵਾਰਿਆਂ ਪ੍ਰਭੂ ਆਪਣੇ ਭਾਣੇ ।
ਜਯੋਤੀ ਜੋਤਿ ਪ੍ਰਗਾਸਿਆ ਪ੍ਰਭੂ ਲੋਕ ਚਨਾਣੈ ।
ਸ਼ਬਦ ਸੁਰਤਿ ਹਰਿ ਵੇਧਿਆ ਰਮ ਰਾਮ ਰਮਾਣੈ ।
ਸ੍ਰੀਚੰਦਰ ਤਿਨਿ ਵਾਰਿਆ ਸਦ ਸਦ ਕੁਰਬਾਣੇ ॥ ੮ ॥

ਸ਼ਲੋਕ :

ਜੀਵੰਦੜੇ ਮਰ ਜਾਣਗੇ ਮੰਦੀ ਸੋਇ ਪਸਾਰ ।
ਜੀਵੰਦੜੇ ਮਰ ਜਾਣਗੇ ਤਿਨ ਲਭੀ ਦਰਬਾਰ ॥ ੧ ॥
ਪ੍ਰਭੂ ਦਰ ਸੋਈ ਜਾਵਸੀ ਜੋ ਸਿਰ ਧਰੇ ਉਤਾਰ ।
ਮਰਨਾ ਸਿਰਹੁੰ ਨ ਜਾਵਸੀ ਮਰਿ ਮਰਿ ਹੋਇ ਖਵਾਰ ॥ ੨ ॥
ਸਿਮਰਣ ਬਿਨ ਮਰਨੇ ਨਹੀਂ ਮਰਾ ਰਾਮ ਹੀ ਹੋਏ ।
ਰਮਜ ਰਮੂਜ ਪਛਾਣਿਐ ਪ੍ਰੀਤਮ ਭਾਵੈ ਜੋਇ ॥ ੩ ॥

ਪੌੜੀ :–

ਨਾਰਾਇਣ ਗੋਬਿੰਦ ਸ਼ਬਦ ਸਿਞਾਣੀਐ ।
ਗੁਰੂ ਮੁਖ ਹਰਿ ਲਿਵ ਲਾਇ ਅਰਥ ਕਹਾਣਿਐ ।
ਆਵਨ ਜਾਨ ਮਿਟਾਇ ਪਦ ਨਿਰਵਾਣਿਐ ।
ਨਿਰੰਕਾਰ ਕੇ ਦੇਸ਼ ਸਹਿਜ ਸਮਾਣਿਐ ।

ਰੰਗ ਮਜੀਠਾ ਲਾਲ ਬੁਧਿ ਰੰਗਾਣਿਐ ॥
ਸ੍ਰੀਚੰਦਰ ਸਚ ਰੂਪਹਿ ਆਨੰਦ ਮਾਣਿਐ ॥ ੧ ॥

ਸ਼ਲੋਕ :–

ਅੰਤਰ ਅਗਨ ਨ ਬੁਝਈ ਬਿਨ ਹਰਿ ਨਾਮੇ ਲਾਗ ।
ਸਾਧੁ ਸੰਗ ਮਨ ਨਿਰਮਲਾ ਸ਼ਾਂਤਿ ਸ਼ਬਦ ਰਸ ਜਾਗ ॥ ੧ ॥
ਘਟ ਅੰਤਰਿ ਪ੍ਰਭੁ ਵਸਿ ਰਹਿਆ ਬਾਹਰ ਢੂੰਢਹਿ ਕਾਇ ।
ਸੰਤਾਂ ਸੰਗਤਿ ਪਾਇਐ ਨਾਰਾਇਣ ਸਭ ਜਾਇ ॥ ੨ ॥
ਨੇਤਰੀਂ ਜੇਤਾ ਪੇਖਿਐ ਨਸ਼ਵਰ ਸੋ ਸਭ ਹੋਇ ।
ਅਗਮ ਅਗੋਚਰ ਅਵਿਚਲਾ ਘਟ ਹੀ ਭੀਤਰਿ ਜੋਇ ॥ ੩ ॥

ਪੌੜੀ :–

ਪਾਰਬ੍ਰਹਮ ਪਰਮੇਸ਼ਵਰ ਸਰਵ ਸਮਾਇਆ ।
ਅਗਮ ਅਪਾਰ ਅਗੋਚਰ ਰੂਪ ਨ ਕਾਇਆ ।
ਰੇਖ ਨ ਭੇਖ ਨ ਨਾਮ ਨ ਧਾਮ ਬਨਾਇਆ ।
ਮੈਲ ਨ ਭਰਿਆ ਪਾਪ ਨ ਤੀਰਥ ਨਹਾਇਆ ।
ਅੰਗ ਨ ਸਾਕ ਨ ਬੰਧੁ ਨ ਬਾਪ ਨ ਮਾਇਆ ।
ਸ੍ਰੀਚੰਦਰ ਮਿਲਿ ਸਾਧੂ ਅਲਖ ਲਖਾਇਆ ॥ ੧੦ ॥

ਸ਼ਲੋਕ :–

ਗੁਰੂਮੁਖ ਲੁਝਣ ਮਨਹਿ ਸਸਿਓ ਹਿਤ ਹਉਮੈ ਅਹੰਕਾਰ ।
ਕਾਮ ਕ੍ਰੋਧ ਮੋਹ ਸੂਰਮੇ ਮਾਰੀ ਸੈਨ ਵਿਕਾਰ ॥ ੧ ॥
ਦੁੰਦੁਭਿ ਦੇ ਆਇਆਂ ਮਾਰੋ ਮਾਰ ਕਰੰਤ ।
ਕਾਢਿ ਖੜਗ ਰਣ ਭੂਮਿ ਮਹਿ ਜੀਤ ਲੀਏ ਜਗ ਜੰਤ ॥ ੨ ॥
ਗੁਰੂਮੁਖ ਧਾਇ ਬਿਬੇਕ , ਗਿਆਨ ਬਾਣ ਧਨੁ ਧਿਆਨ ਕੈ ॥
ਤਾਨ ਚਲਾਓ ਏਕ , ਮਾਰ ਵਿਸ਼ਯਾਦਿ ਪੰਚ ਦਿਏ || ੩ ॥

ਪੌੜੀ :–

ਚੜਿਆ ਵਿਵੇਕ ਸੁ ਚੇੜ ਖਾਇ ਕਟਿ ਬੰਧ ਲੰਗੋਟਾ ।
ਜਟਾ ਸ਼ੀਸ਼ ਯਤ ਆੜਬੰਦ ਕਰਿ ਲੇ ਭੰਗ ਘੋਟਾ ।

ਧਨੁਸ਼ ਟੰਕੋਰਾ ਸੱਤਿਆ ਲੈ ਗੁਣ ਵਾਣ ਅਤੋਣਾ ।
ਧਰਮ ਕਰਮ ਸਭ ਸੂਰਮੇ ਭਿੜਗੇ ਜੁਟ ਜੋਟਾ ।
ਗਿਆਨ ਖੜਕ ਪ੍ਰਕਾਸ਼ਿਆ ਗਰਜਤ ਦਿਯ ਚੋਟਾ ।
ਸ਼੍ਰੀਚੰਦਰ ਰਣ ਜੀਤਿਆ ਰਤਿ ਰਾਮਹਿ ਓਟਾ ॥ ੧੧ ॥

ਸ਼ਲੋਕ :–

ਕਾਮ ਕ੍ਰੋਧ ਮਨ ਘੇਰਿਆ ਨਿਤ ਮਾਇਆ ਲਪਟਾਏ ।
ਊਚ ਨੀਚ ਸੁਖ ਦੁਖ ਘਨੇ ਪਾਏ ਪਾਏ ਪਛੁਤਾਏ ॥ ੧ ॥
ਬਹੁਵਿਧੀ ਧੰਧੈ ਅਥਾਹ ਲਬ ਲੋਭ ਕੀ ਧਾਰ ।
ਅਨਿਕ ਯੋਨੀ ਜਨਮੇ ਮਰੈ ਕਬਹੂੰ ਨ ਪਾਵੈ ਪਾਰ ॥ ੨ ॥
ਚਿੰਤਾ ਸਾਗਰ ਅਤਾਹੁ ਹਾਥ ਲਾ ਕਿਨ ਦੇਖਿਆ ।
ਬਹਿਤ ਪਏ ਅਸਗਾਹ , ਯੁਗਹਿ ਯੁਗੰਤਰਿ ਅੰਧ ਗਤਿ ॥ ੩ ॥

ਪੌੜੀ :–

ਮਨ ਸਮਝਾਇਆ ਸਤਿਗੁਰੂ , ਹਰਿ ਨਾਮੁ ਦ੍ਰਿੜ੍ਹਾਈ ।
ਰਾਮ ਨਾਮ ਗੋਬਿੰਦ ਸਿਉਂ ਨਿਤ ਪ੍ਰੀਤਿ ਲਗਾਈ ।
ਪਾਪ ਕਸੱਮਲ ਝੜਿ ਗਏ ਹਰਿ ਪ੍ਰਭੁ ਗੁਣ ਗਾਈ ।
ਸੀੜੀ ਧਰਮ ਕਰਮ ਸਾਧੁ ਕੈ ਮਹਿਲੀ ਹਰਿ ਜਾਈ ।
ਗੁਣ ਨਿਧਨ ਸੁੱਖ ਮੰਦਿਰੈ ਚੜ੍ਹਿ ਥਿਰਤਾ ਪਾਈ ।
ਸ਼੍ਰੀਚੰਦਰ ਮਲ ਢੂੰਢਿਐ ਸੱਚ ਰਾਮ ਰਸਾਈ ॥ ੧੨ ॥

ਸ਼ਲੋਕ :–

ਧ੍ਰਿਗ ਧ੍ਰਿਗ ਜੀਵਨ ਮਨਮੁਖੀ ਖਾਇ ਬਥਾਇਏ ਪੇ ।
ਕਰਤਾ ਪੁਰੁਥ ਨ ਚੇਤਿਉਂ ਗਰਧਭ ਭਸਮੈ ਲੈਟ ॥ ੧ ॥
ਸਾਕਤ ਨਿਗੁਰਾ ਮਨੁਖੀ ਜਨਮ ਗਵਾਇਆ ਬਾਦ ।
ਸੰਚਤ ਸੰਚਤ ਦ੍ਰਵਯ ਬਹੁ ਨਹ ਪਾਇਏ ਹਰਿ ਸਾਦ ॥ ੨ ॥
ਕਾਲਾ ਧਨ ਕਾਲੇ ਹਿਰਦੇ ਕਾਲੇ ਜੰਤ ਲਖਾਏ ।
ਕਾਲਾ ਮਾਰਗ ਪਾਇਆ ਕਾਲੰ ਸੰਗ ਸੁਹਾਏ ੩ ॥

ਪੌੜੀ :–

ਲਾਕ ਕਰੋੜੀਂ ਜੋੜਿਐ ਅੰਤੈ ਦੁਖਦਾਈ ।
ਪਾਪ ਪੋਟ ਸਿਰ ਭਾਰ ਸਿਉਂ ਕੈਸ ਮੁਕਾਈ ।
ਅੰਧਕਾਰ ਬਹੁਤ ਯੋਜਨੀ ਨਹੀ ਸੂਝ ਸਕਾਈ ।
ਕਰਮ ਕਿਏ ਸਨਮੁਖ ਭਇਏ ਲਹਿ ਦੰਡ ਸਜਾਈ ।
ਕੰਧੀ ਦਿਸ ਨ ਆਵਈ ਮਲ ਤਰੀ ਡੁਬਾਈ ।
ਸ੍ਰੀਚੰਦਰ ਜਪ ਨਾਮ ਪ੍ਰਭੂ ਦੁੱਖ ਕਾਲ ਪਰਾਈ ॥ ੧੩ ॥

ਸ਼ਲੋਕ :–

ਪੂਰਬ ਕਰਮ ਸੰਯੋਗ ਸਿਉਂ ਸਤਿਗੁਰ ਭੇਟੇ ਆਏ ।
ਹਰਿ ਹਰਿ ਨਾਮੁ ਦ੍ਰਿੜਾਇਆ , ਦੀਪਕ ਗਿਆਨ ਦੀਪਾਏ ॥ ੧ ॥
ਜਿਨ ਜਨਿ ਮਾਮ ਧਿਆਇਆ , ਤਿਸਿ ਹੀ ਸੰਗਤਿ ਮੋਖ ।
ਕਿਰਪਾ ਦ੍ਰਿਸ਼ਟ ਪਸਾਰ ਕੈ ਹਰਹੈ ਸਕਲੈ ਦੋਖ ॥ ੨ ॥
ਗ੍ਰੰਥ ਛੁਟਾਏ ਦੋਖ ਮਨ ਦੇਨਹੁ ਭਏ ਨਿਕਾਰ ।
ਤੀਜ਼ਾ ਅਨੁਭਵ ਪ੍ਰਗਟਿਆ ਹਰਿ ਨਾਮੈ ਉਜਿਆਰ ॥ ੩ ॥

ਪੌੜੀ:–

ਸਤਿਗੁਰੁ ਪੂਰਾ ਭੇਟਿਓ ਹਰਿ ਹਰਿ ਰਸ ਆਇਆ ।
ਹਉਮੈ ਮਮਤਾ ਮੋਹਿੰਨੀ ਪਰਿਹਰ ਕਰਿ ਮਾਇਆ ।
ਕਾਮ ਕ੍ਰੋਧ ਲਬ ਲੋਭ ਮੋਹ ਅੰਹਮੇਵ ਤਜਾਇਆ ।
ਤਮ ਅਗਿਆਨ ਨਿਕਾਸਿਆ ਰਵਿ ਗਿਆਨ ਚੜ੍ਹਾਇਆ ।
ਪਾਰਬ੍ਰਹਮ ਪ੍ਰਮੇਸ਼ਵਰ ਸਨਮੁੱਖ ਦ੍ਰਿਸ਼ਟਾਇਆ ।
ਸ੍ਰੀਚੰਦਰ ਕਰੁਣਾਮਯ ਨਿਜ ਚਰਣੀ ਲਾਇਆ ॥ ੧੪ ॥

ਸ਼ਲੋਕ :–

ਚਾਰ ਦੇਵ ਦਸ ਅਸ਼ਟ ਪੜ੍ਹ ਖਟ ਖਟ ਅੰਗ ਸਮੇਤ ।
ਸਗਲੀ ਸ਼ਮ੍ਰਿਤੀ ਸ੍ਰਵਣੀ ਸੁਨ ਲਹਿਤ ਨ ਗੁਰੂ ਬਿਨ ਭੇਤ ॥ ੧ ॥
ਚਾਰ ਕਤੇਬ ਹਦੀਸ ਬਹੁ ਫ਼ਿੱਕਾ ਨਾਭ ਦੀਵਾਣ ।
ਪੜ੍ਹੈ ਗੁਣੈ ਮਤਸਰ ਧਰਹਿ ਦੋਜਖ ਅਗਨੀ ਤਪਾਨ ॥ ੨ ॥

ਮੜ੍ਹੀਆਂ ਕਬਰਨ ਟੋਲਿਐ ਅਠਸ਼ਠ ਤੀਰਥ ਨਹਾਏ ।
ਕਾਬੇ ਪਾਹਨ ਥਾਪ ਕੈ ਗੁਰੂ ਦੋਖੀ ਭਰਮਾਇ ॥ ੩ ॥

ਪੌੜੀ :–

ਵਿਆਪਕ ਘਟ ਘਟ ਸਗਰ ਮਹਿ ਨਹਿ ਦ੍ਰਿਸ਼ਟੀ ਆਇਆ ।
ਪ੍ਰੇਰਕ ਜੀਵਨ ਕਰਮਹਿਤ ਕਰਤਾ ਫੁਰਮਾਇਆ ।
ਧਰਮ ਦ੍ਰਿੜਾਵਨ ਕਾਰਣੇ ਆਸਮਾਣੋ ਛਾਇਆ ।
ਦੋਖੀ ਦੁਸ਼ਟ ਵਿਦਾਰਨੇ ਸਾਰੰਗਧਰ ਕਾਇਆ ।
ਕਾਫਰ ਮਾਰੇ ਪਾਪ ਨਰਿੰਗ ਲੂਟਹੁ ਸਰਮਾਇਆ ।
ਸ਼੍ਰੀਚੰਦਰ ਗੁਰੂ ਹੀਣਿਆ ਕਛੁ ਬੇਦ ਨ ਪਇਆ ॥ ੧੫ ॥

ਸ਼ਲੋਕ :–

ਭੂਤ ਭਾਵਨੀ ਦਾਰ ਤੈ ਭੂਤ ਹੋਏ ਮਨ ਜਾਤ ।
ਤ੍ਰਾਟਕ ਸਾਧਤ ਕਾਮ ਲਹਿ ਥਨ ਜਿਨ ਹਿਰਲਲੇ ਆਤ ॥ ੧ ॥
ਲਿਖ ਲਿਖ ਯੰਤਰ ਜਲਾਈਐ ਅਗਨੀ ਜਲ ਕੀ ਧਾਰ ।
ਪਾਰਬ੍ਰਹਮ ਲਿਵ ਮਿਲ ਧਰੈ ਯੋਗ ਕਰਮ ਤੈ ਸਿਧ ।
ਸਤਿਗੁਰ ਕਰੁਣਾ ਪਾਏ ਕੈ ਸਦਾ ਫੁਰਤ ਬੁਧਿ ਵਿੱਧ ॥ ੩ ॥

ਪੌੜੀ :–

ਪਾਰਬ੍ਰਹਮ ਪ੍ਰਮੇਸ਼ਵਰ ਘਟ ਘਟ ਰਮ ਰਹਿਆ ।
ਨਾਮ ਰੁਪ ਦ੍ਰਿਸ਼ਟਾਇ ਨ ਕਿਨਹੂੰ ਹਰਿ ਲਹਿਆ ।
ਮਾਇਆ ਭਰਮ ਭੁਲਾਏ ਨ ਜਾਨਿਉ ਉਰ ਛਹਿਆ ।
ਧਨ ਜੋਰਨ ਕੀ ਆਸ ਸਿਧਾਏ ਦਿਸਿ ਦਹਿਆ ।
ਦੁੱਖ ਵਿਖਿਆ ਲਪਟਾਏ ਦੂਤਨ ਢਹਿ ਢਹਿਆ ।
ਸ਼੍ਰੀਚੰਦਰ ਗੁਰੂ ਮੇਲ ਪ੍ਰਗਟ ਕਰਿ ਮੁਖ ਕਹਿਆ ॥ ੧੬ ॥
ਸ਼ਲੋਕ :– ਮੇਲੀ ਮੇਲ ਮਿਲਾਇਏ ਪ੍ਰੇਮ ਭਗਤੀ ਹਰਿ ਸੰਗ ।
ਮਗਨ ਲਗਨ ਪ੍ਰਭੁ ਕੀ ਲਗੀ ਆਨੰਦ ਰਲੀਆਂ ਰੰਗ ॥ ੧ ॥
ਪ੍ਰੇਮ ਸੰਦੇਸ਼ਾ ਹਰਿ ਪ੍ਰਭੁ ਦੇ ਕਰਿ ਭੇਜਿਏ ਸੰਤ ।

ਸੀਤਲ ਛਾਤੀ ਸਦ ਸੁੱਖੀ ਕੀਨੇ ਸਕਲੇ ਜੰਤ ॥ ੨ ॥
ਆਸ਼ਾ ਤ੍ਰਿਸ਼ਣਾ ਮਿਟ ਗਈ ਵਿਨਸੀ ਦੁਤੀਆ ਭ੍ਰਾਂਤਿ ।
ਜੀਵਨ ਮਰਨ ਗੁਪਾਲ ਕਰ ਸਹਿਜ ਆਨੰਦ ਸੁਖ ਸ਼ਾਂਤਿ ॥ ੩ ॥

ਪੌੜੀ :–

ਆਤਮਰਾਮ ਵਿਰਾਜਿਆ ਵਡ ਤਖਤ ਸਹਾਈ ।
ਦੇਵੀ ਦੇਵ ਬਿਗਣਤ ਥਿਤ ਕਰ ਬੰਦ ਚਹੁੰਕਾਈ ।
ਕੋਟਿ ਪੈਗਬੰਰ ਪੀਰ ਜੁਰ ਸੇਵਕ ਸਰਸਾਈ ।
ਰਿਧਿ ਸਿਧਿ ਨਵ ਨਿਧਿ ਮਿਲਿ ਗ੍ਰੀਵਾ ਨਿਹੁਰਾਈ ।
ਤੀਰਥ ਕਾਬੇ ਕੋਟਿ ਕੋਟਿ ਥਿ ਜਾ ਕੈ ਪਾਈ ।
ਸ੍ਰੀਚੰਦਰ ਪਾਰਬ੍ਰਹਮ ਪ੍ਰਭੁ ਗੁਰੂ ਭੇਟ ਲਖਾਈ ॥ ੧੭ ॥

ਸ਼ਲੋਕ :–

ਨਾਮ ਪਦਾਰਥ ਪਾਈਐ ਜਨਮ ਪਦਾਰਥ ਜੀਤ ।
ਪ੍ਰੇਮ ਪਦਾਰਥ ਆਇਆ ਗਿਨ ਪਦਾਰਥ ਮੀਤ ॥ ੧॥
ਸਤਿਗੁਰੂ ਪੂਰਾ ਭੇਟਿਐ ਨਾਮ ਵਸੈ ਮਨ ਆਏ ।
ਪਾਰਬ੍ਰਹਮ ਉਪ ਪ੍ਰਗਟਈ ਜਯੋਤੀ ਜੋਤਿ ਮਿਲਾਏ ॥ ੨ ॥
ਜਿਨਿ ਜਨ ਨਾਮ ਧਿਆਇਆ ਉਜਲ ਵਦਨ ਤਿਨਾਹਿ ।
ਇਥੈ ਸੂਖ ਆਨੰਦ ਘਨ ਆਗੈ ਪੈਥੇ ਜਾਹਿ ॥ ੩ ॥

ਪੌੜੀ :–

ਨਾਮ ਨਾਰਾਇਣ ਪਾਈਐ ਮੁਖ ਉੱਜਲ ਹੋਈ ।
ਨਾਮ ਨਾਰਾਇਣ ਪਾਈਐ ਦਰਗਹ ਲਹਿ ਢੋਈ ।
ਨਾਮ ਨਾਰਇਣ ਪਾਈਐ ਦਿਬ ਦ੍ਰਿਸ਼ਟ ਸਮੋਈ ।
ਨਾਮ ਨਾਰਾਇਨੇ ਪਾਈਐ ਗਤਿ ਦੇਵ ਅਲੋਈ ।
ਨਾਮ ਨਾਰਾਇਣ ਪਾਈਐ ਹਉਮੈ ਮਲ ਧੋਈ ।
ਸ੍ਰੀਚੰਦਰ ਨਾਰਿਏਣੈ ਯਸ਼ ਸਭਨੀ ਹੋਈ ॥ ੧੮ ॥

ਸ਼ਲੋਕ :–

ਮਾਨੁਖ ਮੂਲ ਨ ਜਾਣਈ ਕਰਮ ਮਿਲਾਯਾ ਕਾਸ ।

ਕਿਸ ਵਿਧਿ ਛੁਟਹਿ ਬਾਂਧਿਆ ਦ੍ਰਿੜ੍ਹ ਕ੍ਰਮਨ ਕੀ ਪਾਸ ॥ ੧ ॥
ਚਿਤਵ ਚਿਤਵ ਪਚਿ ਪਚਿ ਮੁਏ ਬੁਧਿਵੰਤ ਬੇਅੰਤ ।
ਪਹੁੰਚ ਨ ਸਾਕਹਿ ਕਰਮ ਗਤਿ ਕਿਹ ਲਾਗਿਏ ਕਿਹੰ ਹੰਤ ॥ ੨ ॥
ਛੂਟੋ ਛੂਟੋ ਬਕਨ ਤੇ ਬੰਧਨ ਛੂਟਤ ਨਾਹਿ ।
ਚਾਨਣ ਚਾਨਣ ਕਹੇ ਤੇ ਅੰਧੇ ਚਾਨਣ ਕਾਹਿ ॥ ੩ ॥

ਪੌੜੀ :–

ਕਰਮ ਨ ਛੁਟਯੋ ਰਾਮ ਤੇ ਬਨ ਵਸਿ ਦੁਖ ਪਾਇਓ ।
ਸੀਤਾ ਸਗਰੀ ਆਯੁ ਭਰ ਸੁੱਖ ਰੰਚਿ ਨਾ ਆਇਓ ।
ਕ੍ਰਿਸ਼ਣ ਗਇਓ ਪਰਲੋਕ ਤਪਿ ਜਬਿ ਬਧਿਕ ਘਾਇਓ ।
ਦੇਵ ਪੁਤਰ ਪਾਡਵ ਭਏ ਵਰਿਤਿ ਦਾਸ ਧਰਾਇਓ ।
ਵਿਧਿ ਨਿਸ਼ੇਧ ਸ੍ਰੀਚੰਦਰ ਤਜਿ ਹਰਿ ਨਾਮੁ ਧਿਆਇਓ ॥ ੧੯ ॥

ਸ਼ਲੋਕ :–

ਗੋਬਿੰਦ ਗੋਬਿੰਦ ਸਿਮਰਿਐ ਇਕਮਨ ਹੋਏ ਦਿਨ ਰਾਤਿ ।
ਕ੍ਰਿਪਾ ਕਰਕੇ ਅਪਨੀ ਆਪ ਹੁੰ ਬਖਸ਼ੇਦਾਤਿ ॥ ੧ ॥
ਜੇਤੋ ਮਾਨੁਖ ਕਰਿ ਸਕਹਿ ਸੋ ਏਤੋ ਹੀ ਕਾਮ ।
ਸਹਿਜ ਕਰਮ ਮਹਿ ਰਤ ਰਹੈ ਨਿਸਿ ਦਿਨ ਜਾਪੈ ਰਾਮ ॥ ੨ ॥
ਆਪ ਛੁੜਾਏ ਆਪ ਬੰਧਾਏ ਬੰਧ .
ਆਪਹਿ ਮੁਕਤ ਕਰਵਾਈ ਆਪ ਲਗਾਏ ਧੰਧ ॥ ੩ ॥

ਪੌੜੀ :–

ਗੋਬਿੰਦ ਨਾਮ ਧਿਆਏ ਕੈ ਰਸ ਅਮ੍ਰਿਤ ਪਾਈਐ ।
ਮਨ ਤਨ ਪਾਵਨ ਨਿਰਮਲਾ ਮਲ ਪਾਪ ਗਵਾਈਐ ।
ਹਉਮੈ ਦੁਬਿਧਾ ਪਰਿਹ ਰਰੈ ਏਕਤੁ ਸਮਾਈਐ ।
ਚੋਦਹ ਲੋਕੀਂ ਚਾਨਣਾ ਦਿਬਯ ਜਯੋਤੀ ਦੀਪਾਈਐ ।
ਗੁਣ ਨਿਧਾਨ ਘਟ ਪਾਇਕੈ ਅਲਮਸਤ ਫਿਰਾਈਐ ।
ਰਾਮ ਨਾਮ ਸ੍ਰੀਚੰਦਰ ਜਪ ਅਨਭਏ ਗੁਣ ਗਾਈਐ ॥ ੨ ॥

ਸ਼ਲੋਕ :–

ਨਿਰਮਲ ਸੰਤ ਸੰਗ ਤੇ ਨਿਰਮਲ ਹਰਿ ਗੁਣ ਗਾਏ ।

ਕਿਸ ਵਿਧਿ ਛੁਟਹਿ ਬਾਂਧਿਆ ਦ੍ਰਿੜ੍ਹ ਕ੍ਰਮਨ ਕੀ ਪਾਸ॥ ੧ ॥
ਚਿਤਵ ਚਿਤਵ ਪਚਿ ਪਚਿ ਮੁਏ ਬੁਧਿਵੰਤ ਬੇਅੰਤ ।
ਪਹੁੰਚ ਨ ਸਾਕਹਿ ਕਰਮ ਗਤਿ ਕਿਹ ਲਾਗਿਏ ਕਿਹੰ ਹੰਤ ॥ ੨ ॥
ਛੂਟੋ ਛੂਟੋ ਬਕਨ ਤੇ ਬੰਧਨ ਛੂਟਤ ਨਾਹਿ ।
ਚਾਨਣ ਚਾਨਣ ਕਹੇ ਤੇ ਅੰਧੇ ਚਾਨਣ ਕਾਹਿ ॥ ੩ ॥

ਪੌੜੀ :–

ਕਰਮ ਨ ਛੁਟਯੋ ਰਾਮ ਤੇ ਬਨ ਵਸਿ ਦੁਖ ਪਾਇਓ ।
ਸੀਤਾ ਸਗਰੀ ਆਯੁ ਭਰ ਸੁੱਖ ਰੰਚਿ ਨਾ ਆਇਓ ।
ਕ੍ਰਿਸ਼ਣ ਗਇਓ ਪਰਲੋਕ ਤਪਿ ਜਬਿ ਬਧਿਕ ਘਾਇਓ ।
ਦੇਵ ਪੁਤਰ ਪਾਡਵ ਭਏ ਵਰਿਤਿ ਦਾਸ ਧਰਾਇਓ ।
ਵਿਧਿ ਨਿਸ਼ੇਧ ਸ੍ਰੀਚੰਦਰ ਤਜਿ ਹਰਿ ਨਾਮੁ ਧਿਆਇਓ ॥ ੧੯ ॥

ਸ਼ਲੋਕ :–

ਗੋਬਿੰਦ ਗੋਬਿੰਦ ਸਿਮਰਿਐ ਇਕਮਨ ਹੋਏ ਦਿਨ ਰਾਤਿ ।
ਕ੍ਰਿਪਾ ਕਰਕੇ ਅਪਨੀ ਆਪ ਹੁੰ ਬਖਸ਼ੇਦਾਤਿ ॥ ੧ ॥
ਜੇਤੋ ਮਾਨੁਖ ਕਰਿ ਸਕਹਿ ਸੋ ਏਤੋ ਹੀ ਕਾਮ ।
ਸਹਿਜ ਕਰਮ ਮਹਿ ਰਤ ਰਹੈ ਨਿਸਿ ਦਿਨ ਜਾਪੈ ਰਾਮ ॥ ੨ ॥
ਆਪ ਛੁੜਾਏ ਆਪ ਬੰਧਾਏ ਬੰਧ .
ਆਪਹਿ ਮੁਕਤ ਕਰਵਾਈ ਆਪ ਲਗਾਏ ਧੰਧ ॥ ੩ ॥

ਪੌੜੀ :–

ਗੋਬਿੰਦ ਨਾਮ ਧਿਆਏ ਕੈ ਰਸ ਅਮ੍ਰਿਤ ਪਾਈਐ ।
ਮਨ ਤਨ ਪਾਵਨ ਨਿਰਮਲਾ ਮਲ ਪਾਪ ਗਵਾਈਐ ।
ਹਉਮੈ ਦੁਬਿਧਾ ਪਰਿਹ ਰਰੈ ਏਕਤੁ ਸਮਾਈਐ ।
ਚੋਦਹ ਲੋਕੀਂ ਚਾਨਣਾ ਦਿਬਯ ਜਯੋਤੀ ਦੀਪਾਈਐ ।
ਗੁਣ ਨਿਧਾਨ ਘਟ ਪਾਇਕੈ ਅਲਮਸਤ ਫਿਰਾਈਐ ।
ਰਾਮ ਨਾਮ ਸ੍ਰੀਚੰਦਰ ਜਪ ਅਨਭਏ ਗੁਣ ਗਾਈਐ ॥ ੨ ॥

ਸ਼ਲੋਕ :–

ਨਿਰਮਲ ਸੰਤ ਸੰਗ ਤੇ ਨਿਰਮਲ ਹਰਿ ਗੁਣ ਗਾਏ ।

ਨਿਰਮਲ ਮਨ ਸਹਿ ਪ੍ਰਗਟਾਏ ਨਿਰਮਲ ਗੋਬਿੰਦ ਰਾਏ ॥ ੧ ॥
ਤਾਲਾ ਦੇ ਮਨ ਕੋਠੜੀ ਸੰਤਨ ਕੁੰਜੀ ਦੀ ॥
ਜੋ ਖੋਲੈ ਸੋ ਰਤਨ ਲਹਿ ਅੰਤਰ ਆਤਮ ਚੀਨ ॥ ੨ ॥
ਲਾਲ ਜਵਾਹਰ ਮਾਣਕੀ ਮਣੀਅਨ ਭਰੇ ਭੰਡਾਰ ।
ਸਤਿਗੁਰੂ ਸੰਤ ਮਿਲਾਇਆ ਹਉਮੈ ਗਰਬ ਨਿਵਾਰ ॥ ੩ ॥
ਪੌੜੀ :–
ਕੋਟਿ ਚੰਦਰਮਾ ਚਾਨਣੈ ਹਨੇ
ਰ ਵਿਆਪੈ ॥
ਕੋਟਿ ਸੂਰਜ ਪ੍ਰਕਾਸ਼ ਤੈ ਨਹਿ ਆਤਮ ਜਾਪੈ ॥
ਕੋਟਿ ਅਗਨੀ ਭਾਂਬੜ ਮਚੈ ਨਹਿੰ ਪੋਹੈ ਆਪੈ ।
ਕੋਟਿ ਬਿਜਲੀਅਨ ਚਮਕਤੇ ਨਹਿੰ ਪੰਥ ਸਿੰਵਾਪੇ ।
ਕਰਮ ਧਰਮ ਲਖ ਕੋਟਿ ਕਰ ਨਹਿੰ ਭਰਮ ਗੁਆਪੈ ॥
ਸ੍ਰੀਚੰਦਰ ਸਤਿਗੁਰੂ ਮਿਲੈ ਮੁਕਤਾ ਕਰਿ ਥਾਪੈ ॥ ੨੧ ॥
ਸ਼ਲੋਕ :–
ਸੁਭਰ ਸਰੋਵਰ ਰਸ ਭਰੇ ਸਾਧੁ ਭਵੇ ਭਵਰਮਾਹਿ ।
ਮਗਨ ਆਪ ਰਹਿ ਰੰਗ ਭਾਈ ਮਗਨ ਕਰਤ ਜਨ ਚਾਹਿ ॥ ੧ ॥
ਜਾ ਕੋ ਕਿ ਇਕੋ ਚਾਹੁ ਅਪਰਨ ਸਿਓ ਤਿਹਂ ਕਾਮ ਕਿਆ ?
ਰੰਗ ਰਤੇ ਉਰ ਮਾਹਿ , ਸੁਧਿ ਬੁਧਿ ਖੋਈ ਨੇਹ ਵਸਿ ॥ ੨ ॥
ਬਿਰਹ ਨਿਸ਼ਾਨੀ ਸਾਧੁ ਅਕਲ ਵਿਕਲ ਵਿਭੋਰ ਭਵਸ਼
ਬੁਡੈ ਨੇਹੂੰ ਅਗਾਥੁ ਨਿਕਸਨ ਬਹੁਰ ਨ ਪਾਵਹੀ ॥ ੩ ॥
ਪੌੜੀ :–
ਹਰਿ ਪ੍ਰਭੁ ਕੀਆਂ ਕਹਾਨੀਆਂ ਰਮ ਪ੍ਰੇਮ ਸੁਹਾਈਆਂ ।
ਤੋਟਿ ਕਹਿਤ ਨ ਆਵਈ ਨੱਚ ਨੱਚ ਬਹੁ ਗਾਈਆਂ ।
ਅੱਖਰ ਇਕੈ ਪ੍ਰੇਮ ਕਾ ਨਿਤ ਦੇਣ ਦੁਹਾਈਆਂ ।
ਖਾਨਾ ਪੀਨਾ ਵਿਸਰੈ ਵਹਿ ਜਾਣਾ ਜਾਈਆਂ ।
ਆ ਮਿਲ ਸਾਹਿਬ ਆਏ ਮਿਲ ਆ ਮਿਲ ਮੇਰੇ ਸਾਈਆਂ । ਅੱਖੀਂ ਤਾਰਾਂ ਸ੍ਰੀਚੰਦਰ

ਸ਼ਲੋਕ :–

ਐੱਸੀ ਪਾਈ ਰਾਹ ਲੇ ਕਾਗ ਬਨੇਰ ਉਡਾਏ .
ਚੜੀ ਚੁਬਾਰੇ ਦੇਖਦੀ ਪ੍ਰੀਤਮ ਕਿਧਰੋਂ ਆਏ ॥
ਤਨ ਜਲ ਥਲ ਕੋਇਲਾ ਭਿਆ ਮਨ ਉੜ ਦਹਿਦਿਸ਼ ਘਾਤ ।
ਪਿਆਰੇ ਪ੍ਰੀਤਮ ਕੇ ਬਿਨਾ ਉਪਜੇ ਕਿੰਹ ਵਿਧਿ ਸ਼ਾਂਤਿ ॥ ੨ ॥
ਨੈਨੀ ਜਲਧਰ ਉਮੜ ਕੇ ਲਾਈ ਘਨੀ ਝਰੀ ।
ਧਰਤੀ ਮਤਿ ਗ੍ਰੀਸ਼ਮ ਜਲੀ ਅਜਹੂੰ ਨਾਹਿੰ ਭਰੀ ॥ ੩ ॥

ਪੌੜੀ :–

ਪ੍ਰਦੇਸਹਿ ਤੂੰ ਚਲ ਗਇਓ ਚਿਤ ਯਾਦ ਨ ਮੇਰੀ ।
ਲਾਲਚ ਧੰਨ ਕੇ ਲਗਿਆਂ ਪਾਈ ਨਹੀਂ ਫੇਰੀ ।
ਵਰਸਤ ਬੂੰਦਾ ਗਗਨ ਤੇ ਜਨੁ ਬਾਣਾਂ ਹੇਰੀ ।
ਤੜਫਤ ਮੀਨ ਨ ਤਰਸਤਾ ਕੁੰਡੀ ਜਲ ਗੇਰੀ ।
ਕਰਕ ਕਲੇਜੇ ਰੜਕਤੀ ਸੂਲਾਂ ਦਭ ਕੇਰੀ ।
ਸ਼੍ਰੀਚੰਦਰ ਕਹੁ ਮਿਲਹੁ ਪ੍ਰਭੁ ਕਿਓ ਲਾਈ ਦੇਰੀ ? ॥ ੨੩ ॥

ਸ਼ਲੋਕ :–

ਜਿਹੰ ਛਿਨ ਪੂਰਣ ਪ੍ਰਭੂ ਕਰੈ ਪੂਰਣ ਤਬਹੀ ਹੋਏ ।
ਕਰਮ ਧਰਮ ਪੂਰਣ ਤਿਸਹਿ ਪੂਰਣ ਪੁਰੁਖ ਅਲੋਏ ॥ ੧ ॥
ਜਾ ਕੇ ਉਣਾ ਕਛੁ ਨਹੀਂ ਪੂਰਣ ਭਰੇ ਭੰਡਾਰ ।
ਰਿਧਿ ਸਿਧਿ ਨਵਨਿਧਿ ਸਭ ਠਾਢੀ ਤਿਸ ਦਰਬਾਰ ॥ ੨ ॥
ਪੂਰਣ ਕੀਨੇ ਯੋਗ ਯੱਗ ਜਪ ਤਕ ਸੰਯਮ ਸੱਤੁ ।
ਪੂਰਣ ਸਤਿਗੁਰੂ ਪਾਇਆ ਅਵਿਨਾਸ਼ੀ ਅਵਗੱਤ ॥ ੩ ॥

ਪੌੜੀ :–

ਸਤਿਗੁਰੂ ਪੂਰਾ ਸੇਵਿਐ ਹਰਿ ਨਾਮ ਸਮਾਵੈ ।
ਪੂਰਣ ਕਰਮ ਕਮਾਵਣੈ ਚਿਤ ਧਿਰਤਾ ਪਾਵੈ ।
ਪੂਰਣ ਧਰਮ ਸਨੇਹ ਕਾ ਜੀਆ ਜੰਤ ਸੁਖਾਵੇ ।
ਪੂਰਣ ਸੰਤ ਸੰਤੋਖ ਬ੍ਰਤ ਨਹਿ ਮਾਂਗਨ ਧਾਵੈ ।

ਪਾਰਬ੍ਰਹਮ ਪੂਰਣ ਪ੍ਰਭੂ ਸਭ ਜਗਤ ਸੁਖਾਵੈ ॥
ਸ਼੍ਰੀਚੰਦਰ ਪੂਰਣ ਭਇਆ ਲਗ ਪ੍ਰਭੂ ਕੈ ਪਾਵੈ ॥ ੪ ॥
ਓਮ ਪਾਰਬ੍ਰਹਮਣੇ ਨਮ: ॥
ਏਕ ਓਕਾਰ ਆਰਧ ਮਨ ਪਾਰਬ੍ਰਹਮ ਨਿਰੰਕਾਰ ॥
ਹਰੇ ਰਾਮ ਨਾਰਾਇਣੈ ਗੋਵਿੰਦ ਪੁਰੁਸ਼ ਮੁਰਾਰਿ ॥ ੧ ॥
ਹਰਿ ਹਰ ਰਾਮ ਅਰੁ ਸ਼ਿਆਮ ਸਭ , ਸਰਗੁਣ ਰੂਪ ਧਰਿ ਆਪ ।
' ਸ਼੍ਰੀਚੰਦਰ ' ਨਿਰਗੁਣ ਬ੍ਰਹਮ ਹੀ , ਹਰਹਿ ਜਗਤ ਸੰਤਾਪ ॥ 2 ॥
' ਸ੍ਰੀਚੰਦਰ ' ਰਾਮ ਰਹੀਮ ਮੇਂ , ਜੋ ਕੋਈ ਮਾਨਤ ਭੇਦ ।
ਤੇ ਸਭ ਨਰ ਮਤਿ ਮੰਦ ਹੈਂ , ਭਾਸ਼ਤ ਸਿਮਰਿਤ ਵੇਦ ॥ ੩ ॥
ਧਨ - ਮਦ , ਕੁਲ - ਮਦ ,ਰਾਜ - ਮਦ , ਵਿਦਿਆ - ਮਦ - ਅਰੁਕਾਮ ।
ਸ਼੍ਰੀਚੰਦਰ ਜਬ ਲਗ ਮਦ ਰਹੇ , ਕੈਨ ਮਿਲਾਇ ਰਾਮ ॥ ੪ ॥
' ਸ਼੍ਰੀਚੰਦਰ ' ਸਾਚੇ ਗੁਰੂ ਕੀ , ਜੋ ਜਨ ਸ਼ਰਣ ਪੜੇ ।
ਦੁਖ ਵਿਸਾਦ ਅਰੁ ਹਾਨਿ , ਮਦ , ਸਤਿਗੁਰੂ ਆਪ ਹਰੇ ॥ ੫ ॥
ਆਵਿਨਾਸ਼ੀ ਗੁਰੂ ਆਪ ਹੈਂ , ਆਦਿ ਪੁਰੁਸ਼ ਭਗਵਾਨ ।
' ਸ਼੍ਰੀਚੰਦਰ ' ਤਾਕੋ ਸਿਮਰੀਐ , ਹੋਤ ਨਿਮਿਸ਼ ਕਲਿਆਏ ॥ ੬ ॥
ਸ਼੍ਰੀਚੰਦਰ ਜਾਕਾ ਰਾਮ ਹੈ , ਬੂਡ਼੍ਹਤ ਪਰ ਭਇ ।
ਅਨਹਦ ਸ਼ਬਦ ਗੁੰਜਾਰ ਸੋ , ਕੋਟਿਨ ਪਾਪ ਗਇ॥ ੭ ॥
ਭਗਤਿ , ਨਮ ਅਰੁ ਸੰਤ ਜਨ , " ਸ਼੍ਰੀਚੰਦਰ ਪਾਰ ਕਰੇ ।
ਪਰ ਅਗਿਆਨੀ ਭ੍ਰਮਿਤ ਹੈ , ਦੁਵਿਧਾ ਗਰਤ ਪੜੇ ॥ ੮ ॥
ਬਿਨੁ ਗੁਰੂ ਕਿਰਪਾ ਨ ਤਜ ਸਕੇ , ਵਿਸ਼ੇ ਵਾਸਨਾ ਫੇਲ ।
ਸਹਜ ਅਵਸਥਾ ਗਿਆਨ ਬਿਨ , ਦੁਰਲਭ ਹਰਿ ਸੰਗ ਮੇਲ ॥ ੮ ॥
ਪਰਮ ਪੁਰੁਸ਼ ਭਗਵਾਨ ਕੋ , ਢੂੰਢ ਰਹਾ ਸੰਸਾਰ ।
ਅੰਤਰ ਮਨ ਸਭ ਕੇ ਰਹੇ , ਵਹ ਕਰਤਾ ਕਰਤਾਰ ॥ ੧੦ ॥
ਜੈਸੇ ਸੂਰਜ ਪ੍ਰਕਾਸ਼ ਮਹਿੰ , ਦੀਪਕ ਪੜਤ ਹੈ ਮੰਦ ।
ਤਿਮ ਤੁਛ ਹੋਤ ਆਨੰਦ ਸਭੀ , ਬ੍ਰਹਮਾਨੰਦ ਕੇ ਸੰਗ।੧੧ ॥
ਸੁਤ ਦਾਰਾ , ਗ੍ਰਹਿ ਸੰਪਤਿ , ਦੁਖਦ ਰੂਪ ਜਗ ਮਾਹਿੰ ॥

' ਸ਼੍ਰੀਚੰਦਰ ' ਆਤਮ ਗਿਆਨ ਧਨ , ਹੈ ਸੁਖ ਵੇਦ ਬਤਾਹਿ ॥ ੧੨ ॥
ਏਕਹੁੰ ਬ੍ਰਹਮ ਸਰਵਤੱ ਹੈ , ਤੀਨਹੁੰ ਲੋਕ ਮਝਾਰ ।
" ਸ੍ਰੀਚੰਦਰ " ਚਰ ਅਚਰ ਮਹੁੰ , ਤਾਕਾ ਹੀ ਵਿਸਤਾਰਾ ॥ ੧੩ ॥
ਤ੍ਰਿਸ਼ਣਾ ਹੀ ਜਾ ਜਗਤ ਮੇਂ , ਸਭ ਦੁ:ਖੋਂ ਕੀ ਮੂਲ ।
" ਸ਼੍ਰੀਚੰਦਰ " ਤ੍ਰਿਸ਼ਣਾ ਤਿਆਗ ਬਿਨੁ ,
ਹੋਇ ਨ ਹਰਿ ਅਨੁਕੂਲ ॥ ੧੪ ॥
ਜਭ ਲਗ ਤ੍ਰਿਸ਼ਣਾ ਪਾਸ ਹੈ , ਤਬ ਲਗ ਨਾਮ ਨੇ ਪਾਸ ।
ਤ੍ਰਿਸ਼ਣਾ ਅਭਿਲਾਸ਼ਾ ਗਈ , ਰਾਮ ਭਇਓ ਫਿਰਦਾਸ ॥ ੧੫ ॥
ਅਲਖ , ਅਗਮ , ਅਨਾਮ ਕਹੁੰ , ਅਗਣਿਤ ਤਾਕੋ ਨਾਮ ।
" ਸ਼੍ਰੀਚੰਦਰ " ਤਾਕਾ ਵਾਸ ਹੈ , ਘਟ ਘਟ ਸਕਲ ਜਹਾਨ ॥ ੧੬ ॥
ਪਾਂਚ ਤੱਤਵ ਕੇ ਕੋਸ਼ ਮੇਂ , ਨਿਸਿਦਿਨ ਜਯੋਤੀ ਜਗੇ ।
ਬਿਨੁ ਗੁਰੂ ਜੁਗਤ ਜਾ ਵਾਪੂਰੋ , ਮਾਇਆ ਸੰਗ ਪਗੇ ॥ ੧੭ ॥
ਸਤਯ , ਅਹਿੰਸਾ , ਸ਼ੀਲ , ਤਪ , ਦਇਆ , ਕਸ਼ਮਾ , ਮ੍ਰਿਦੁ ਦਾਨ ।
ਸ਼ੁਧ ਵਿਚਾਰ ਅਰੁ ਤੋਸ਼ਣਾ , " ਸ੍ਰੀਚੰਦਰ " ਥਰਮ ਪਹਿਚਾਨ ॥ ੧੮ ॥
ਸਿਮਰਨ ਤਾਕਾ ਕੀਜੀਏ , ਜੋ ਘਟ ਭੀਤਰ ਮਾਹੀਂ ।
ਸੋਹੰ ਸਾਚਾ ਜਾਪ ਹੈ , ਸਤਿਗੁਰੂ ਆਪ ਬਤਾਹੀਂ ॥ ੧੯ ॥
ਸਤ - ਦਾਰਾ - ਧਨ - ਮਨ ਤਜ , ਜਪ - ਮਨ , ਨਾਮ , ਅਧਾਰ ।
" ਸ਼੍ਰੀਚੰਦਰ " ਜੀ ਹੀ ਨਾਮ
ਸੰਗ ਮਿਲਿਹਿੰ ਆਪ ਕਰਤਾਰ ॥ ੨੦ ॥
ਨਾਤਾ ਬ੍ਰਹਮ ਅਰੁ ਜੀਵ ਕਾ , ਜਿਮਿ ਰਵਿ , ਰਵਿ ਪ੍ਰਕਾਸ਼ ।
ਹਰਿ ਕਿਰਪਾ ਸੋ ਪਾਈ ਹੈਂ , " ਸ਼੍ਰੀਚੰਦਰ " ਵਾਕੋ ਵਾਸ ॥ ੨੧ ॥
' ਚੰਚਲ ਚਿੱਤ ਥਿਰ ਨ ਕੀਓ , ਸ਼ਾਂਤ ਕਾਮ ਨਹੀਂ ਕੀਨ ॥
" ਸ਼੍ਰੀਚੰਦਰ " ਬਿਨੁੰ ਸੰਤੋਸ਼ ਕੇ , ਰਹਿਓ ਰਾਮ ਰਹੀਨ ॥ ੨੨ ॥
" ਸ਼੍ਰੀਚੰਦਰ " ਰਾਮ ਆਰਾਧੀਐ , ਅਹੰਭਾਵ ਕਰ ਦੂਰ ।
ਆਤਮ ਨਿਰਗੁਣ ਪੇਖੀਏ , ਬ੍ਰਹਮ ਜੀਵ ਇਕ ਨੂਰ ॥ ੨੩ ॥
ਅੰਤਰਾਤਮਾ ਅਮਰ ਹੈ , ਨਸ਼ਵਰ ਸਕਲ ਸ਼ਰੀਰ ।

ਇਕ ਚੇਤਨ , ਜੜ ਦੂਸਰੋ , " ਸ਼੍ਰੀਚੰਦਰ " ਕਹਤ ਫਕੀਰ ॥ ੨੪ ॥
ਜਾ ਤਨੁ ਭੀਤਰ ਵਸਤੁ ਸਤ , ਸੂਕਸ਼ਮ ਤਨੂ ਕਹਲਾਇ ।
ਜਨਮ ਮਨਣ ਸੇ ਰਹਿਤ ਵਰ , " ਸ਼੍ਰੀਚੰਦਰ " ਨਿਗਮ ਬਤਾਇ ॥ ੨੫ ॥
ਭਗਤਿ ਅਰੁ ਸਤ ਗਿਆਨ ਹੀ , ਦੋਨਹੁੰ ਮੋਕਸ਼ ਦਵਾਰ ।
" ਸ਼੍ਰੀਚੰਦਰ " ਦੋ ਕੇ ਯੋਗ ਸੋਂ , ਮਾਇਆ ਪਰਤ ਉਤਾਰ ॥ ੨੬ ॥
" ਸ਼੍ਰੀਚੰਦਰ " ਨਿਰਗੁਣ ਬ੍ਰਹਮ ਹੀ , ਧਰਤ ਰੂਪ ਸਾਕਾਰ ॥
ਹਿਤ ਸਜਨ ਅਰੁ , ਦਮਨ ਅਘ , ਦੁਸ਼ਟ ਅਸੁਰਨ ਸਹਾਰ ॥ ੨੭ ॥
ਧਨ ਕਾ ਭੂਖਾ ਜੀਵ ਜਹ , ਭਾਵ ਕੇ ਭੂਖੇ ਰਾਮ ।
" ਸ਼੍ਰੀਚੰਦਰ " ਜਬ ਲਗ ਭਾਵ ਹੈ , ਹਿਅ ਰਾਮ ਕੂੰ ਧਾਮ ॥ ੨੭ ॥
ਸ਼ਰਧਾ ਪ੍ਰੇਮ ਅਰੁ ਭਗਤਿ ਬਿਨ , ਮਿਲੇ ਨ ਨਿਰਗੁਣ ਰਾਮ ।
ਜਾਕੋ ਰੂਪ ਨ ਰੇਖ ਹੈਂ , "ਸ਼੍ਰੀਚੰਦਰਨ " ਕੀ ਦੁਆਣ ॥ ੨ ॥
ਗੰਗਾ , ਯਮੁਨਾ , ਸਰਸਵਤੀ , ਸਤਿਸੰਗ ਮਧ ਬਹੇ ।
ਮਜਨ ਕਰਤ ਹੈ ਪਾਰਖੂ , " ਸ਼੍ਰੀਚੰਦਰ " ਸੱਚ ਕਹੇ ॥ ੩੦ ॥
ਸਤਿਸੰਗ ਰਾਮ ਕਾ ਧਾਮ ਹੈਂ , ਓਸਰ ਨਹੀਂ ਵਿਸਾਰ ।
" ਸ਼੍ਰੀਚੰਦਰ " ਜਨਮ ਅਮੋਲ ਹੈ , ਮਿਲਤ ਨ ਬਾਰੰਬਾਰ ॥ ੩੧ ॥
ਸੁਖ , ਸਵਰਗ , ਅਪਵਰਗ ਕੇ , ਸਤਿਸੰਗ ਸਮ ਨ ਜਾਨ ।
" ਸ਼੍ਰੀਚੰਦਰ " ਨਾਮ ਅਰੁਰਾਮ ਕਾ , ਸੰਤ ਬਤਾਵਹਿੰਗਿਆਨ ॥ ੩੨ ॥
ਸਤਿਸੰਗਤਿ ਅਰੁ ਸੰਜ ਜਨ , ਹਰਹਿ ਕੋਟਿ ਅਪਰਾਧ ।
ਪਰ - ਨਿੰਦਕ ਅਰੁ ਦੁਸ਼ਟਗਣ , " ਸ਼੍ਰੀਚੰਦਰ " ਨਿਤ ਉਪਾਧਿ ॥ ੩੩ ॥
" ਸ਼੍ਰੀਚੰਦਰ " ਹੀਰੇ ਲਾਲੋਂ ਕਾ , ਸਤਿਸੰਗ ਬੜਾ ਬਾਜ਼ਾਰ ॥
ਬਿਨਾ ਦਾਮ ਨਿਤ ਬਿਕਤ ਹੈ , ਜੌਹਰੀ ਜਾਨੇ ਸਾਰ ॥ ੩੪ ॥
ਕੰਚਨ ਕਾਇਆ ਕਾਮਨੀ , ਸਦਾ ਨ ਸੰਗ ਰਹੀ ।
" ਸ਼੍ਰੀਚੰਦਰ " ਅਬ ਤੋਂ ਚੇਤ ਮਨ , ਔਸਰ ਏਕ ਜਹੀ ॥ ੩੫ ॥
" ਸ਼੍ਰੀਚੰਦਰ " ਗਿਆਨ ਵੈਰਾਗ ਕਾ , ਜੋ ਚਾਹੇ ਵਰਦਾਨ ।
ਸੰਤ ਜਾਨ ਕੇ ਚਰਣ ਕੀ , ਧੂਲੀ ਕਰੇ ਇਸਨਾਨ ॥ ੩੬ ॥
ਸੁਤ ਦਾਰਾਂ , ਅਰੁ ਬੰਧੁ ਜਨ , ਸਵਾਰਥ ਕੇ ਹੈਂ , ਮੀਤ ।

" ਸ੍ਰੀਚੰਦਰ " ਜਬ ਲਗਿ ਗਾਂਠ - ਧੰਨ , ਤਬ ਲਗ ਤਾਕੋਪ੍ਰੀਤ ॥ ੩੭ ॥
ਅੰਤਰ ਬਾਹਰ ਏਕ ਹੀ , ਲੋਕਤ ਆਦਿ ਅਨੰਤ ।
" ਸ੍ਰੀਚੰਦਰ " ਸੋਹੰ ਜਾਪ ਜਪ , ਕਰੇ ਪਾਰ ਭਗਵੰਤ ॥ ੩੮ ॥
ਮੁਕਤਿ ਚਾਹੇ ਨਰ ਬਾਪੁਰੋ , ਅਰੁ ਚਾਹੇ ਮੋਕਸ਼ ਦਵਾਰ ।
ਜੀਨਾ - ਭਗਤਿ ਗਿਆਨ ਚੜ੍ਹੇ , " " ਸ੍ਰੀਚੰਦਰ " ਉਤਰਹਿੰਪਾਰ ॥ ੩੯ ॥
" ਸ੍ਰੀਚੰਦਰ " ਬ੍ਰਹਮ ਆਰਾਧੀਐ , ਅਹੰਭਾਵ ਸਭ ਖੋਇ ॥
ਤੁਰੀਆ ਅਵਸਸਥਾ ਜਬ ਲਈ ਮੈਂ ਤੇ ਰਹਾ ਨ ਕੋਇ ॥ ੪੦ ॥
॥ ਇਤਿ ॥

ਗੁਰੁਮਹਿਮਾ

ਮਹਾਮੂੜ੍ਹ ਤੇ ਕਿਓ ਗਿਆਨੀ ,
ਗੁਰੂਪੂਰੇ ਕੀ ਅਕਥ ਕਹਾਨੀ ,
ਸੁਖੈ ਤੇ ਮਨ ਹਰਿਆ ਕੀਨ , ਟਅਭਰ ਭਰੇ ਸੁਭਰ ਰਸ ਦੀਨ ॥ ੧ ॥
ਗੁਰੂ ਗੁਰੂ ਜਪ ਮਨ ਮਾਹਿੰ ,
ਫਿਰ ਫਿਰ ਆਵਣ ਜਾਵਣ ਨਾਹਿੰ ॥ ੧ ॥ ਰਹਾਉ ॥
ਕਾਟੀ ਸਿਲਕ , ਮਾਇਆ ਮਨ ਵੇੜੀ , ਬਹਤੇ ਜਾਤ ਚੜ੍ਹਾਏ ਬੇੜੀ ।
ਗਗਨ ਮੰਡਲ ਮਹਿ ਚਾੜ੍ਹੇ ਆਪ ,
ਅੰਧਕਾਰ ਵਿਨਸਿਓ ਪ੍ਰਤਾਪ ॥ ੨ ॥
ਦੁਰਜਨ ਸੱਜਨ ਏਕ ਸਮਾਨ ,
ਵਿਆਪਤ ਨਾਹਿਨ ਮਾਨ ਅਮਾਨ ।
ਸਦਾ ਸਹੇਲੇ ਸੂਖ ਅਨੰਤ ,
ਸਤਿਗੁਰੂ ਨਾਮ ਦੀਨ ਭਗਵੰਤ ॥ ੩ ॥
ਗਾਂਢੇ ਜਨਮ ਜਨਮ ਕੇ ਟੂਟੇ ,
ਸਗਰੇ ਅਵਗੁਣ ਮਨ ਤੇ ਛੁਟੇ ।
ਗੁਰੂ ਅਵਿਨਾਸ਼ੀ ਕਾਰਣ ਕਰਣ ,
ਸ੍ਰੀਚੰਦਰ ਗਹੀ ਚਰਣਨ ਸ਼ਰਣ ॥ ੪ ॥ ੧੯ ॥
ਮੁਹਿ ਨਿਰਗੁਣ ਅਤਿ ਨੀਚ ਅਯਾਨਾ ,

ਗੁਰੂਪੂਰੇ ਨਿਜ ਚਰਣੀ ਲਾਨਾ ।
ਰਾਮ ਨਾਮ ਦੀਨੇ ਉਪਦੇਸ਼ਾ ,
ਰਾਗ ਦਵੈਸ਼ ਸਬ ਹਰੇ - ਕਲੇਸ਼ਾ ॥ ੧ ॥
ਸਦ ਬਲਿਹਾਰੀ ਸਤਿਗੁਰੂ ਦੇਵ ,
ਆਪਹਿੰ ਅਪਨੀ ਲਾਇਓ ਸੇਵ ॥ ੧ ॥ ਰਹਾਉ ॥
ਉਕਤ ਸਿਆਣਪ ਸਗਰ ਮਿਟਾਈ ,
ਹਰਿ ਹਰਿ ਰਾਮ ਨਾਮ ਗੁਣ ਗਾਈ ।
ਕਰਣਹਾਰ ਕਰਤਾ ਕਰਤਾਰ
ਸਰਵ ਭਾਂਤਿ ਜਗ ਹਰਿਓ ਸੰਭਾਰ ॥ ੨ ॥
ਜਿਓ - ਭਾਵੇ ਤਿਓ ਜੀਅ ਚਲਾਵੈ ,
ਜਿਓਂ ਭਾਵੈ ਤਿਓਂ ਖੇਲ ਖਿਲਾਵੈ ।
ਮੇਲੇ ਵਿਛੋੜੇ ਆਪਹਿੰ ਸੋਇ ,
ਕੀਤੈ ਕੇ ਕਛੂ ਕਰੈ ਨ ਹੋਇ ॥ ੩ ॥
ਮਾਰਨਗਾਰ ਜੀਵਾਲਨਹਾਰਾ ,
ਪਾਰਬ੍ਰਹਮ ਪ੍ਰਭੁ ਅਗਮ ਅਪਾਰਾ ॥
ਸ਼੍ਰੀਚੰਦਰ ਕੋ ਦੀਨੇ ਨਾਮ ,
ਸਤਿਗੁਰੁ ਪੂਰੇ ਕੇ ਕੁਰਬਾਨ । ੪ || ੨੨ ॥

ਆਰਤੀ

ਆਰਤੀ ਪ੍ਰਭੂ ਸ਼੍ਰੀਚੰਦ ਤੇਰੀ ਗਾਊ ।
ਤਨ , ਮਨ , ਧਨ ਤੇਰੀ ਭੇਂਟ ਚੜ੍ਹਾਓਂ ।
ਸ਼ੰਕਰ ਰੂਪ , ਅਨੂਪ , ਯੋਗੇਸ਼ਵਰ ।
ਦੀਨ ਦਿਆਲ ਮਹਾਂ ਗਿਆਨੇਸ਼ਵਰ ।
ਭਵ - ਭੈ - ਭੰਜਨ ਯੋਗੀ ਯੋਗੇਸ਼ਵਰ ।
ਤੁਮਰੀ ਕਿਰਪਾ , ਅਭੈ ਪਦ ਪਾਊ . . . . ਆਰਤੀ
ਹੇ ਕ੍ਰੁਧ ਮੋਚਨ , ਅੰਤਰਯਾਮੀ ।
ਅਸ਼ਟ ਸਿਧਿ , ਨਵਨਿਧਿ ਕੇ ਸਵਾਮੀ !

ਅਜਰ ਅਮਰ , ਪਾਵਨ , ਨਿਸ਼ਕਾਮੀ ।
ਮੈਂ ਭੀ ਤੇਰਾ ਧਿਆਏ ਲਗਾਊ . . . . . ਆਰਤੀ
ਤੇਰੀ ਮਹਿਮਾ ਜੋ ਕੋਈ ਗਾਵ ॥
ਮਨ ਵਾਂਛਿਤ ਫਲ ਤੁਥ ਸੇ ਪਾਵੇ ।
ਜਨ ਮਰਨ ਸੇ ਮੁਕਤ ਹੋ ਜਾਵੇ ।
ਅੰਤਰ ਮਨ ਮੇਂ ਜਯੋਤੀ ਜਗਾਊ . . . . ਆਰਤੀ
ਪ੍ਰਿਯਤਮ ਐਸੀ ਜੋਤ ਜਗਾਦੋ ।
ਭੇਦ ਭਾਵ ਸਭ ਦੂਰ ਭਗਾ ਦੋ ।
ਮੋਹ ਮਾਇਆ ਕਾ ਤਿਮਿਲ ਮਿਟਾਦੋ ।
ਦਰ ਤੇਰੇ ਮੈਂ ਸ਼ੀਸ਼ ਝੁਕਾਉ . . . . ਆਰਤੀ
ਗੁਰੂ ਅਵਿਨਾਸ਼ੀ ਖੇਲ ਚਰਾਇਆ ।
ਅਗਮ ਨਿਗਮ ਕਾ ਪਾਠ ਪੜ੍ਹਾਇਆ ॥
' ਦਾਸ ਉਦਾਸੀ ' ਕੇ ਮਨ ਭਾਇਆ ।
ਤੇਰਾ ਪਾਠ ਸਦਾ ਮੈਂ ਗਾਉ . . . . ਆਰਤੀ ।

ਆਰਤੀ

ਓਮ ਜੈ ਸ਼੍ਰੀਚੰਦ੍ਰਯਤਿ , ਸਵਾਮੀ ਜੈ ਸ਼੍ਰੀਚੰਦ੍ਰਯਤਿ ॥
ਅਜਰ ਅਮਰ ਅਵਿਨਾਸ਼ੀ , 2
ਯੋਗੀ ਯੋਗਪਤਿ ਓਮ ਜੈ . . . .
ਸੰਤਨ ਪਥ ਪ੍ਰਦਰਸ਼ਕ , ਭਗਤਨ ਸੁਖ ਦਾਤਾ ।
ਸਵਾਮੀ ਭਗਤਨ ਅਗਮ ਨਿਗਮ ਪ੍ਰਚਾਰਕ , ੨
ਕਲਿ ਮੇਂ ਭਵ ਤ੍ਰਾਤਾ । ਓਮ ਜੈ . . .
ਕਰਣ ਕੁੰਡਲ ਕਰ ਤੂੰਬਾ , ਗਲ ਸੇਲੀ ਸਾਜੇ ।
ਸਵਾਮੀ ਗਲ ਕਾਲਿਆ ਕੇ ਸਾਬਿਬ , ੨
ਚਹੁੰ ਦਿਸਿ ਕੇ ਰਾਜੇ । ਓਮ ਜੈ . . .
ਅਚਲ ਅਡੋਲ ਸਮਾਧਿ , ਪਦਮਾਸਨ ਸਹੇ ।
ਸਵਾਮੀ ਪਦਮਾਸਨ ਬਾਪਯਤਿ ਬਨਵਾਸੀ , ੨

ਦੇਖਤ ਜਗ ਮੋਹੇ । ਓਮ ਜੈ . . . .

ਬਾਲਯਿਤ ਬਨਵਾਸੀ , 2

ਦੇਖਤ ਜਗ ਮੋਹੇ । ਓਮ ਜੈ . . . .

ਕਟਿ ਕੌਪੀਨ ਤਨ ਭਸਮੀ ,

ਜਟਾ ਮੁਕੁਟ ਧਾਰੀ । ਸਵਾਮੀ ਜਟਾ

ਧਰਮ ਹਿਤ ਜਗ ਪ੍ਰਗਟੇ , 2

ਸ਼ੰਕਰ ਤ੍ਰਿਪੁਰਾਰਿ । ਓਮ ਜੈ . . .

ਬਾਲਛਵਿ ਅਤਿ ਸੁੰਦਰ , ਨਿਸਿਦਿਨ ਮੁਸਕਾਤੇ ।

ਸਵਾਮੀ ਨਿਸਿਦਿਨ

ਭ੍ਰਿਕੁਟੀ ਵਿਸ਼ਾਲ ਸੁਲੋ , ਨ , 2

ਨਿਜ ਆਨੰਦ ਰਾਤੀ । ਓਮ ਜੈ . . .

ਉਦਾਸੀਨ ਆਚਾਰਯ , ਕਰੁਣਾਕਰ ਦੇਵਾ ।

ਸਵਾਮੀ ਕਰੁਣਾਕਰ ਪ੍ਰੇਮਭਗਤੀ ਵਰ ਦੀਜੈ , 2

ਔਰ ਸੰਤਨ ਸੇਵਾ । ਓਮ ਜੈ . . . .

ਮਾਇਆ ਅਤੀਤ ਗੋਸਾਈ , ਤਪਸਵੀ ਸ਼ਿਕਾਮੀ ।

ਸਵਾਮੀ ਤਪਸਵੀ ਪੁਰਸ਼ੋਤਮ ਪਰਮਾਤਮਾ , 2

ਤੁਮ ਹਮਰੇ ਸਵਾਮੀ ਓਮ ਜੈ . . . .

ਰਿਸ਼ੀ ਮੁਨੀ ਬ੍ਰਹਮ ਗਿਆਨੀ , ਗੁਣ ਗਾਵਤ ਤੇਰੇ ।

ਸਵਾਮੀ ਗੁਣ ਤੁਮ ਸ਼ਰਣਾਗਤ ਰਕਸ਼ਕ , 2

ਤੁਮ ਠਾਕੁਰ ਮੇਰੇ । ਓਮ ਜੈ . . .

ਜੋ ਜਨ ਤੁਮ ਕੋ ਧਿਆਵੇ , ਪਾਵੇ ਧਰਮ ਗਤਿ ।

ਸਵਾਮੀ ਪਾਵੇ ਅਪਨੇ ਜਨ ਕੋ ਦੀਜੈ , 2

ਭਗਤਿ ਵਿਮਲਓ । ਓਮ ਜੈ . . . .

ਆਰਤੀ

ਸ੍ਰੀ ਗੁਰੂ ਸ੍ਰੀਚੰਦ ਮਹਾਰਾਜ ਜੀ ਕੀ

ਓਮ ਜੈ ਸ਼ਰੀਚੰਦ੍ਰ ਦੇਵਾ , ਸਵਾਮੀ ਸ੍ਰੀਚੰਦ ਦੇਵਾ ।

ਸੁਰਿ ਨਰ ਮੁਨਿਜਨ ਧਿਆਵਤ , 2
ਸੰਤਨ ਕੇ ਸਾਹਿਬਾ - ਹਰਿ ਓਮ ਜੈ . . .
ਕਲਿਯੁਗ ਘੋਰ ਅੰਧਕਾਰ ,
ਦੇਖ ਕਰ ਧਰਿਓ ਅਵਤਾਰ - ਸਾਵਮੀ ਧਰਿਓ . . .
ਸ਼ੰਕਰ ਰੂਪ ਸਦਾ ਸ਼ਿਵ , 2
ਹਰ ਅਪਰੰਪਰਾ । ਹਰਿ ਓਮ ਜੈ . . .
ਯੋਗੀਂਦਰ ਅਵਧੂਤ ਸਦਾ ਤੁਮ ,
ਬਾਲਕ ਬ੍ਰਹਮਚਾਰੀ । ਸਵਾਮੀ ਬਾਲਕ . . . .
ਭੇਖ ਉਦਾਸੀਨ ਪਾਲਕ , 2
ਮਹਿਮਾ ਅਤਿ ਭਾਰੀ । ਹਰਿ ਓਮ ਜੈ . . .
ਰਾਮ ਦਾਸ ਗੁਰੂਅਰਜੁਨ ,
ਸੋਢੀ ਕੁਲ ਭੂਸ਼ਣ । ਸਵਾਮੀ ਸੋਢੀ . . . .
ਸੇਵਤ ਚਰਣ ਤੁਮਹਾਰੇ , 2
ਮਿਟ ਗਏ ਸਭ ਦੂਸ਼ਣ । ਹਰਿ ਓਮ . . .
ਰਿੱਧਿ ਸਿੱਧ ਕੇ ਦਾਤਾ ,
ਭਗਤਨ ਕੇ ਤ੍ਰਾਤਾ । ਸਵਾਮੀ ਭਗਤਾਨ . . .
ਰੋਗ ਸ਼ੋਕ ਸਭ ਕਾਟੇ , 2
ਸ਼ਰਣੀ ਜੋ ਆਤਾ । ਹਰਿ ਓਮ . . .
ਭਗਤ ਗਿਰਿ ਸਨਿਆਸੀ ,
ਚਰਣਾਂ ਵਿਚ ਗਰਿਓ । ਸਵਾਮੀ ਚਰਣਾਂ . . . .
ਕਾਟ ਦਿਓ ਭਵ ਬੰਧਨ , 2
ਸ਼ਿਸ਼ ਅਪਨਾ ਕਰਿਓ । ਹਰਿ ਓਮ . . . .
ਉਦਾਸੀਨੇਂ ਕੇ ਮਾਲਕ ,
ਪਾਲਕ ਦੁਖ ਘਾਲਕ । ਸਵਾਮੀ ਪਾਲਕ . . . .
ਆਚਾਰਯ ਸ਼ਿਰ ਧਾਰਯ , 2
ਜਗ ਕੇ ਸੰਚਾਲਕ । ਹਰਿ ਓਮ . . . .

ਬੇਦੀ ਬੰਸ਼ ਹਖਿਓ ਜਗ ਭੀਤਰ ,

ਕਿਰਪਾ ਕਰ ਭਾਰੀ । ਸਵਾਮੀ ਕਿਰਪਾ . . . .

ਧਰਮਚੰਦ੍ਰ ਉਪਦੇਸ਼ਿਓ , 2

ਜਾਵਾਂ ਬਲਿਹਾਰੀ । ਹਰਿ ਓਮ . . .

ਗੌਰ ਵਰਣ ਤਣ ਭਸਮੀ ,

ਕਾਮ ਮੇਂ ਸਜੇ ਮੁਦ੍ਰਾ । ਸਵਾਮੀ ਕਾਨ . . .

ਬਾਂਵਰੀਆਂ ਸ਼ਿਰ ਸ਼ੋਭਿਤ , 2

ਪਿਖ ਕਰ ਜਗ ਉਧਰਾ । ਹਰਿ ਓਮ . . .

ਪਦਮਾਸਨ ਕੋ ਬਾਂਧ ,

ਯੋਗ ਕੇ ਲਿਓ ਧਾਰੋ । ਸਵਾਮੀ ਯੋਗ ਕੋ . . . .

ਐਸੋ ਰੂਪ ਤੁਮਹਾਰ , 2

ਮਨ ਮੇਂ ਨਿੱਤ ਧਾਰੋ । ਹਰਿ ਓਮ . . .

ਜੋਨ ਜਨ ਆਰਤੀ ਨਿਸ਼ਦਿਨ ,

ਬਾਵੇ ਕੀ ਗਾਵੇ । ਸਵਾਮੀ ਬਾਵੇ . . . .

ਬਸੇ ਜੀ ਬੈਕੁੰਠ ਨਰ ਨਾਰੀ , 2

ਸੁਖ ਯਸ਼ ਫਲ ਪਾਵੇ । ਹਰ ਓਮ . . .

ਰਾਮ ਨਾਰਾਯਣ ਆਰਤੀ ,

ਭਾਵੇ ਕੀ ਸਾਜੀ । ਸਵਾਮੀ ਬਾਵੇ . . .

ਬਾਲਯਤੀ ਸ਼੍ਰੀਚੰਦ ਜੀ , 2

ਜਨ ਪਰ ਰਹੋ ਰਾਜੀ । ਹਰਿ ਓਮ . . . .

ਅਰਦਾਸ

ਹਰਿ ਹਰਿ ਨਾਮ ਜਵੋ ਹੋਵੇ ਨਿਰਭੈਏ ਬੋਲ

ਸ਼੍ਰੀਚੰਦਰ ਭਗਵਾਨ ਕੀ ਜੈ ।

ਪ੍ਰਥਿਮੇ ਗੁਰੂਕੋ ਨਮੋ ਦੂਸਰ ਨਮੋ ਗਣੇਸ਼ ,

ਸ਼੍ਰੀਚੰਦਰ ਕੇ ਬੰਦਨਾ ਕਾਟੋ ਸਗਲ ਕਲੇਸ਼ ।

ਹਰਿ ਓਮ ਤੱਤਸਤ ! ਹਰਿ ਓਮ

ਤੱਤਸਤ ! ਹਰਿ ਓਮ ਤੱਤਸਤ !
ਓਮ ਅਖੰਡ ਅਦਵੈਤ ਸਤਿ ਸਵਰੂਪ ਪ੍ਰਕਾਸ਼ ਪੁੰਜ
ਕੀ ਮਹਿਮਾ ਕਾ ਧਿਆਨ ਧਰ ਬੋਲੇ , ਸਤਿਗੁਰੂ ਸ਼੍ਰੀਚੰਦ ਹਰੇ !
ਸ਼੍ਰੀ ਸਤਿਗੁਰੂ ਸਨਕ , ਸਨੰਦਨ , ਸਨਾਤਨ ,
ਸਨਤਕੁਮਾਰ ਅਵਿਨਾਸ਼ੀਮੁਨਿ ਨਿਰਵਾਣਦੇਵ ਜੀ
ਕੇ ਚਰਣ ਕਮਲੋਂ ਕਾ ਧਿਆਨ ਧਰ ਬੋਲੇ
ਸ਼੍ਰੀ ਗੁਰੂ ਸ਼੍ਰੀਚੰਦਰ ਹਰੇ !
ਉਦਾਸੀਨਾਚਾਰੀਆ ਜਗਤਗੁਰੂ
ਸ਼੍ਰੀਚੰਦਰ ਭਗਵਾਨ ਜੀ ਕੇ ਚਰਣ ਕਮਲੋਂ ਕਾ
ਧਿਆਨ ਧਰ ਬੋਲੋ ਸ਼੍ਰੀਗੁਰੂ ਸ਼੍ਰੀਚੰਦ ਹਰੇ !
ਸ਼ਿੱਧੇਸ਼ਵਰ ਯੋਗੀਂਰਾਜ ਬਾਬਾ ਬਨਖੰਡੀ
ਸਾਹਿਬ ਜੀ ਤਿਆਗੀ ਨਿਰਵਾਣ ਦੇਵ ਬਾਬਾ
ਪ੍ਰੀਤਮਦਾਸ ਜੀ , ਪਵਿੱਤਰ ਗੋਲਾ ਸਾਹਿਬ ਜੀ ,
ਵੰਦਨੀਯ ਧਵਜਾ ਸਾਹਿਬ ਜੀ ਕੇ ਸ਼੍ਰੀ ਚਰਣ ਕਮਲੋਂ
ਕਾ ਧਿਆਨ ਧਰ ਬੋਲੋ ਸ਼੍ਰੀਗੁਰੂ ਸ਼੍ਰੀਚੰਦ੍ਰ ਹਰੇ !
ਚਾਰ ਦੇਵ ਸ਼ਟ ਸਾਸ਼ਤਰ ,
ਅਠਾਰਹ ਪੁਰਾਣ , ਸਤਾਈ ਸਿਮਰਤੀ ,
ਚੌਸ਼ਠ ਕਲਾ ਜੰਤਰ , ਮੰਤਲ ਗਿਆ ਵਿਗਿਆਨ ,
ਜਗਤ ਜਨਣੀ , ਜਗਦੰਬਾ ,
ਗੀਤਾ ਰਮਾਇਣ , ਸ਼੍ਰੀਚੰਦਰ ਸਿਧਾਂਤ ਸਾਗਰ
ਗ੍ਰੰਥ ਕੇ ਪਤਿਵਰ ਉਪਦੇਸ਼ ਕਾ ਧਿਆਨ ਧਰ
ਬੋਲੇ ਸ਼੍ਰੀਗੁਰੂ ਸ਼੍ਰੀਚੰਦ ਹਰੇ !
ਚਾਰੇ ਧੁਨੈ , ਛੇ ਬਖਸ਼ੀਸ਼ , ਸ਼੍ਰੀ ਭੇਖ ਭਗਵਾਨ ਜੀ
ਦੇ ਚਰਣ ਕਮਲੋਂ ਕਾ ਧਿਆਨ ਧਰ ਕਰ
ਬੋਲੋ ਜੀ ਸ਼ਰੀਗੁਰੂ ਸ਼੍ਰੀਚੰਦ੍ਰ ਹਰੇ !
ਸ੍ਰੀਗਣੇਸ਼ , ਸੂਰਿਆ , ਸ਼ਕਤੀ , ਬ੍ਰਹਮਾ ,

ਵਿਸ਼ਨੂੰ , ਮਹੇਸ਼ , ਹਨੂੰਮਾਨ , ਗੰਗਾ ਯਮੁਨਾ ,
ਸਰਸਵਤੀ , ਤ੍ਰਿਵੇਣੀ , ਪ੍ਰਯਾਗਰਾਜ , ਕਾਸ਼ੀ - ਵਿਸ਼ਵਮਨਾਥ ,
ਮਾਤਾ ਅੰਨਪੂਰਣਾ , ਸਰਵ ਤੀਰਥ , ਦੇਵੀ - ਦੇਵਤਾਓ ਕੇ
ਸ੍ਰੀ ਚਰਣ - ਕਮਲੋਂ ਕਾ ਧਿਆਨ ਧਰ ਬੋਲੋ ਜੋ
ਸ੍ਰੀ ਗੁਰੂ ਸ੍ਰੀਚੰਦਰ ਹਰੇ !
ਚਾਰ ਧਾਮ ਸਪਤ ਮੋਕਸ਼ ਪੁਰੀ , ੬੮ ਤੀਰਥ ,
ਸਰਵਸ਼ਕਤੀ ਪੀਠ , ਦਵਾਦਸ਼ , ਜਯੋਤਿਰਲਿੰਗ
੩੩ ਕਟਿ ਦੇਵੀ ਦੇਵਤਾ , ਸ੍ਰੀਗੁਰੁ ਪਰਮਾਤਮ ਦੇਵ ਜੀ
ਕੇ ਸ਼ਰੀ ਚਰਣ - ਕਮਲੋਂ ਕਾ ਧਿਆਨ ਧਰ ਬੋਲੋ ਜੀ
ਸ੍ਰੀਗੁਰੂ ਸ੍ਰੀਚੰਦਰ ਹਰੇ ।
ਸ੍ਰੀਚੰਦ ਜਨਮ ਸ਼ਤਾਨ , ਤਲਵੰਡੀ ਸਾਹਿਬ ਜੀ ,
ਸ੍ਰੀਚੰਦਰ ਛੱਪਰ , ਸ੍ਰੀਚੰਦਰ ਪਾਦੁਕਾ , ਸ੍ਰੀਚੰਦਰ ਧਰਮਸ਼ਾਲਾ ,
ਸ੍ਰੀਚੰਦਰ ਚਿਨਾਰ , ਸ੍ਰੀਚੰਦਰਸ਼ਿਲਾ , ਧੂਨੀਵਨ ,
ਪੰਚ ਪਰਮੇਸ਼ਵਰ ਕੀ ਪਵਿਤਰਾ ਆਤਮਾਓ ਕਾ
ਧਿਆਨ ਧਰ ਬੋਲੋ ਜੀ ਸ੍ਰੀਗੁਰੂ ਸ੍ਰੀਚੰਦ੍ਰ ਹਰੇ !
ਮਹਾਮੰਡਲੇਸ਼ਰ , ਮੰਡਲੇਸ਼ਵਰ , ਸੰਤ ਮਹੰਤ , ਵਿਰਕਤ ,
ਪਰਮਹੰਸ , ਨਾਗਾ , ਨਿਰਵਾਣ , ਤਿਆਗੀ , ਤਪਸਵੀ - ਗਿਆਨੀ ,
ਹਾਟੀ - ਬਾਟੀ , ਯੋਗੀ - ਯਤੀ , ਜੀ ਕੇ ਸ੍ਰੀਚਰਣ - ਕਮਲੋਂ ਕਾ
ਧਿਆਨ ਧਰ ਬੋਲੇ ਜੀ ਸ੍ਰੀਗੁਰੂ ਸ੍ਰੀਚੰਦ੍ਰ ਹਰੇ !
ਸਰਵ ਸ਼ਰੀ ਮੁਨਿ ਮਹਾਤਮਾਓ ਕੇ ਸਮਿਆਨੁਸਾਰ ਸੰਧਿਆ ,
ਗਾਇਤਰੀ , ਪੂਜਾ - ਪਾਥ , ਧੂਪ - ਦੀਪ , ਆਰਤੀ ,
ਭਜਨ , ਕਥਾ - ਕੀਰਤਨ ਕੀ ਅਰਦਾਸ
ਜਗਤਗੁਰੂ ਸ੍ਰੀਚੰਦਰ ਭਗਵਾਨ ਜੀ ਕੇ
ਸ੍ਰੀਚਰਣ ਕਮਲੋਂ ਮੇਂ ਭੂਲ - ਚੁਕ ਮਾਫ
ਸਚ ਅਖੰਡ ਪ੍ਰਮਾਣ , ਭੇਖ ਕੀ ਲਾਜ ,
ਬਾਣੀ ਕੀ ਟੇਕ , ਸਾਧੂਸੰਤ , ਕਾ ਸੰਗ

ਹਰਿ ਨਾਮ ਕਾ ਰੰਗ , ਭਜਨ - ਵਾਣੀ ,
ਕਾ ਪ੍ਰਕਾਸ਼ , ਦੁਖ - ਕਲੇਸ਼ ਪਾਪ ਕਾ ਨਾਸ਼ ,
ਧਰਮੀ ਰਾਜਾ ਰਾਜ ਕਰੇ , ਪ੍ਰਜਾ ਸੁਖੀ ਬਸੇ,
ਜੋ ਜਨ ਸੰਤ ਸ਼ਰਣ ਪੜੇ ਸੋ ਤਰੇ . . . .
ਜਗਤਗੁਰੂ ਸ਼੍ਰੀਚੰਦਰ ਭਗਵਾਨ ਚੜ੍ਹਦੀ ਕਲਾ ਆਪ
ਜੀ ਦੇ ਭਾਣੇ ਸਰਬੱਤ ਕਾ ਭਲਾ
ਸ਼੍ਰੀਚੰਦਰ ਜੀ ਬੋਲਦੇ ਮੁੱਖ 'ਚੋ ਬਚਨ ਉਚਾਰ ,
ਪਾਪ ਦੇ ਬੇੜੇ ਡੁੱਬਦੇ ਧਰਮ ਜੀ ਜੈ ਜੈ ਕਾਰ ।
ਜਗਤਗੁਰੂ ਸ਼੍ਰੀਚੰਦਰ ਭਗਵਾਨ ਕੀ ਜੈ !

ਰੱਖਿਆ ਸ਼ਬਦ :–

ਸਰਬ ਬਾਨ ਪ੍ਰਭੂ ਰੱਖਿਆ ਕੀਨ ।
ਹਾਥ ਦੇ ਰਾਖਿਓ ਕਰ ਆਪਣਾ ।
ਕਰਤੇ ਪੁਰਖ ਗੋਪਾਲ ਪ੍ਰਵੀਨ ॥ ਰਹਾਓ ॥
ਦੋਖੀ ਦੁਸਟ ਰਹੇ ਝਖ ਮਾਰਤ ,
ਸ਼ਸਤਰ ਅਸਤਰ ਕੋ ਚਲਨ ਨ ਦੀਨ ।
ਯੰਤਰ ਮੰਤਰ ਜਨ ਬਾਂਧ ਖਲਾਰੇ ,
ਮੂਰਤ ਪਾਨ ਸੱਮਸਰ ਚੀਨ ॥ ੧ ॥
ਚਹੁ ਦਿਸ ਕੋਟ ਹਰਿ ਕਿਰਪਾ ਕਾ ,
ਮੋਹਕਮ ਦਵਾਰੈ ਸ਼ਜੱਰ ਜੜੀਨ ।
ਗੋਲੀ ਗੋਲਾ ਤੁਪਕ ਤੁੱਫਗਨ ,
ਭੂਤ ਈਠ ਇੱਤ ਉਤ ਫੈਕੀਨ । ੨ ॥
ਦਮੋਦਰ ਸ਼੍ਰੀਪਤਿ ਜਨ ਪਾਲਕ ,
ਮਾਰਕ ਦੁੰਹ ਲੋਕਨ ਮਤਿ ਦੀਨ ।
ਸ਼ ਸ਼੍ਰੀਚੰਦ੍ਰ ਸਿਮਰੋ ਦਿਨ ਰੈਣੀ ,
ਸਦਾ ਸਹਾਇਕ ਗਹਰ ਮਿਹੀਨ ।। ੩ ।।
(ਇਹ ਬਾਣੀ ਸ਼੍ਰੀਚੰਦਰ ਸਿਧਾਂਤ ਸਾਗਰ ਗ੍ਰੰਥ ਦੇ ੮੧੬ ਪੰਨੇ ਤੇ ਦਰਜ ਹੈ ।)

ਇਸ ਬਾਣੀ ਦਾ ੪੧ ਦਿਨ ੧੦੮ ਵਾਰ ਕਰਨ ਵਾਲਾ ਦੁਸ਼ਮਨ , ਅਸਤਰ , ਸ਼ਸ਼ਤਰ ਅਤੇ ਹਰ ਪ੍ਰਕਾਰ ਤੋਂ ਜੀਵਨ ਕੀ ਰੱਖਿਆ ਹੁੰਦੀ ਹੈ । ਪਾਠ ਸਮੇ ਦੇਸੀ ਘੀ ਦੀ ਜੋਤੀ ਜਗਾ ਕੇ ਰੋਟ ਪ੍ਰਸ਼ਾਦਿ ਦਾ ਭੋਗ ਲਗਾਉਣਾ ਹੈ ।

ਸੁੱਖ , ਸ਼ਾਂਤੀ ਤੇ ਧਨ ਦੋਲਤ ਲਈ ਸ਼ਬਦ :–

ਨਾਰਾਇਣ ਨਿੱਤ ਗਾਈਐ , ਮਿਲ ਸੰਤ ਸਮਾਜੈ ,
ਉਰ ਨਿਰਮਲ ਤੋ ਜਾਣੀਐ , ਅਪਰੰਪਰ ਰਾਜੇ ।
ਹਰਿ ਗੁਣ ਗਾਈਐ ਨੀਤ , ਇਕੋ ਇਕ ਬਖਾਣੀਐ ,
ਤਜ ਦੁਤੀਆ ਵਿਪਰੀਤ | ਰਹਾਓ ।
ਸਦਾ ਸਹਾਨੀ ਸੰਗ ਪ੍ਰਭੁ , ਨਿਹਚਲ ਤਿਸ ਧਾਮਾ ।
ਤਾ ਕੇ ਗ੍ਰਿਹਿ ਕਹੋ ਕਿਆ ਕਮੀ ਜਿੰਹ ਪ੍ਰੀਤਮ ਰਾਮਾ ।
ਲਛਮੀ ਕਰ ਜੋੜੇ ਖੜੀ ਹਰਿ ਕੀ ਅਗਵਾਈ ।
ਰਿਧ ਸਿਧ ਨਵ ਨਿਧਿਆ ਮੁਖ ਪੇਖਤ ਚਾਈ ।
ਕਾਮਧੇਣ ਚਿੰਤਮਨ ਤਰ ਕਲਪ ਸੁਹਾਇਆ ।
ਸ੍ਰੀਚੰਦਰ ਪੂਰਨ ਧਨੀ ਵੈਕੁੰਠੇ ਰਾਇਆ ।

ਇਸ ਬਾਣੀ ਦਾ ੪੧ ਦਿਨ੧੦੮ ਵਾਰ ਕਰਨ ਨਾਲ ਧਨ ਦੀ ਕਮੀ ਨਹੀਂ ਰਹਿੰਦੀ ਅਤੇ ਰਿਧੀ ਸਿੱਧੀ ਵੀ ਪ੍ਰਾਪਤ ਹੁੰਦੀ ਹੈ । ਪਾਠ ਸਮੇ ਦੇਸੀ ਘੀ ਦੀ ਜੋਤੀ ਜਗਾ ਕੇ ਰੋਟ ਪ੍ਰਸਾਦਿ ਦਾ ਭੋਗ ਲਗਾਉਣਾ ਹੈ ।

ਵਿਛੜੇ ਸੱਜਣਾਂ ਦੇ ਮੇਲ ਲਈ ਸ਼ਬਦ :--

ਮੇਰੇ ਹਰਿ ਪ੍ਰਭੂ ਪ੍ਰੀਤਮਾਂ ਮੈਂ ਖਰੀ ਦੁਹੇਲੀ ,
ਤੁਝ ਬਿਨ ਕੋਉ ਨਾ ਸੁਝਈ ਸਗਰੇ ਜੱਗ ਬੇਲੀ ॥ ੧ ॥
ਇਕੋ ਮੇਰਾ ਧਨੀ ਤੂੰ ਨਹਿ ਛੋੜ ਅਕੇਲੀ
ਘੋੜੀ ਚੜ੍ਹੀ ਕੇ ਆਉ ਇਤ ਲੀਜੈ ਸੰਗ ਮੇਲੀ ॥ ੧ | | ਰਹਾਉ ॥

ਅੰਦਰ ਵੇਦਨ ਕਰਕ ਸਰਕ ਨਹੀਂ ਪਾਤ ਸਹੇਲੀ ॥ ੨ ॥
ਏਕੋ ਏਕ ਪਛਾਣਤਾ ਅਨੁਭਾਵਕ ਲੇਲੀ ।
ਸ੍ਰੀਚੰਦਰ ਗਾਹਿ ਬਾਂਹ ਲੇਹੁ ਆਪਨ ਕਰ ਹਲੀ ॥ ੩ ॥ ੩੦ ॥

ਇਹ ਬਾਣੀ ਸ੍ਰੀਚੰਦਰ ਸਿਧਾਂਤ ਸਾਗਰ ਗ੍ਰੰਥ ਦੇ ਪ੩੯ ਪੰਨੇ ਤੇ ਦਰਜ ਹੈ । ਇਸ ਬਾਣੀ ਦਾ ੪੧ ਦਿਨ ੧੦੮ ਵਾਰ ਕਰਨ ਨਾਲ ਵਿਛੜੇ ਸੱਜਣ ਦਾ ਮੇਲ ਹੋ ਜਾਂਦਾ ਹੈ । ਪਾਠ ਸਮੇ ਦੇਸੀ ਘੀ ਦੀ ਜੋਤੀ ਜਗਾ ਕੇ ਰੋਟ ਪ੍ਰਸਾਦਿ ਦਾ ਭੋਗ ਲਗਾਉਣਾ ਹੈ ।

ਧੰਨਾ ॥

ਗੋਪਾਲ ਤੇਰਾ ਆਰਤਾ ॥

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ

ਕੇ ਕਾਜ ਸਵਾਰਤਾ ॥੧॥ ਰਹਾਉ ॥

ਦਾਲਿ ਸੀਧਾ ਮਾਗਉ ਘੀਉ ॥

ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹ੍ਹੀਆ ਛਾਦਨੁ ਨੀਕਾ ॥

ਅਨਾਜੁ ਮਗਉ ਸਤ ਸੀ ਕਾ ॥੧॥

ਗਊ ਭੈਸ ਮਗਉ ਲਾਵੇਰੀ ॥

ਇਕ ਤਾਜਨਿ ਤੁਰੀ ਚੰਗੇਰੀ ॥

ਘਰ ਕੀ ਗੀਹਨਿ ਚੰਗੀ ॥

ਜਨੁ ਧੰਨਾ ਲੇਵੈ ਮੰਗੀ ॥੨॥੪॥



ਗੁਰੂ ਸ਼੍ਰੀ 108 ਰਿਸ਼ੀ

ਕ੍ਰਿਸ਼ਨਾ ਨੰਦ ਸ਼ਾਸ਼ਤਰੀ ਜੀ

ਸੰਤ ਬਾਬਾ ਜਸਵਿੰਦਰ ਦਾਸ ਜੀ